# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 111 | Friday, June 12, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਸੀਈਆਰਬੀ ਪੇਅਮੈਂਟ ਹਾਸਲ ਕਰਨ ਵਾਲੇ 190,000 ਕੈਨੇਡੀਅਨਾਂ ਨੂੰ ਮੋੜਨੀ ਹੋਵੇਗੀ ਰਕਮ : ਸੀਆਰਏ




ਟੋਰਾਂਟੋ, 11 ਜੂਨ (ਪੋਸਟ ਬਿਊਰੋ) : ਅੰਦਾਜ਼ਨ 190,000 ਕੈਨੇਡੀਅਨਾਂ ਨੂੰ 3 ਜੂਨ ਤੱਕ ਆਪਣੇ ਕੈਨੇਡਾ ਐਮਰਜੰਸੀ ਰਿਸਪਾਂਸ ਬੈਨੇਫਿਟ ਚੈੱਕ ਮੋੜਨੇ ਹੀ ਪੈਣਗੇ। ਇਹ ਖੁਲਾਸਾ ਕੈਨੇਡਾ ਰੈਵਨਿਊ ਏਜੰਸੀ ਵੱਲੋਂ ਕੀਤਾ ਗਿਆ।

ਫੈਡਰਲ ਸਰਕਾਰ ਨੇ ਕੋਵਿਡ-19 ਮਹਾਂਮਾਰੀ ਕਾਰਨ ਕੰਮ ਨਾ ਕਰ ਸਕਣ ਵਾਲੇ ਕੈਨੇਡੀਅਨਾਂ ਦੀ ਮਦਦ ਕਰਨ ਲਈ ਮਾਰਚ ਵਿੱਚ ਸੀਈਆਰਬੀ ਪ੍ਰੋਗਰਾਮ ਕਾਇਮ ਕੀਤਾ ਸੀ। ਇਸ ਤਹਿਤ ਚਾਰ ਮਹੀਨਿਆਂ ਲਈ ਕੈਨੇਡੀਅਨਾਂ ਨੂੰ ਪ੍ਰਤੀ ਮਹੀਨਾ 2000 ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਗਈ ਸੀ। ਸਰਕਾਰ ਵੱਲੋਂ ਇਹ ਚੈੱਕ ਉਨ੍ਹਾਂ ਲੋਕਾਂ ਨੂੰ ਮੋੜਨ ਲਈ ਆਖਿਆ ਜਾ ਰਿਹਾ ਹੈ ਜਿਹੜੇ ਇਸ ਬੈਨੇਫਿਟ ਲਈ ਯੋਗ ਨਹੀਂ ਹਨ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਇਹ ਪਤਾ ਹੀ ਨਾ ਹੋਵੇ ਕਿ ਉਹ ਕਿਸੇ ਹੋਰ ਕੋਵਿਡ-19 ਫੈਡਰਲ ਏਡ ਪ੍ਰੋਗਰਾਮ ਤਹਿਤ ਕਵਰ ਹੋ ਰਹੇ ਹੋਣ, ਉਨ੍ਹਾਂ ਨੂੰ ਸੀਈਆਰਬੀ ਹਾਸਲ ਕਰਦੇ ਸਮੇਂ ਮੁੜ ਨੌਕਰੀ ਉੱਤੇ ਰੱਖ ਲਿਆ ਗਿਆ ਹੋਵੇ, ਜਾਂ ਫਿਰ ਉਨ੍ਹਾਂ ਪ੍ਰੋਗਰਾਮ ਦੇ ਸ਼ੁਰੂਆਤੀ ਦਿਨਾਂ ਦੌਰਾਨ ਕਿਸੇ ਤਰ੍ਹਾਂ ਦੇ ਭੰਬਲਭੂਸੇ ਦੇ ਚੱਲਦਿਆਂ ਇਸ ਪ੍ਰੋਗਰਾਮ ਲਈ ਅਪਲਾਈ ਕਰ ਦਿੱਤਾ ਹੋਵੇ।

ਸੀਆਰਏ ਨੇ ਇਹ ਵੀ ਆਖਿਆ ਕਿ ਸੀਈਆਰਬੀ ਬੈਨੇਫਿਟਜ਼ ਦੀ ਕਥਿਤ ਤੌਰ ਉੱਤੇ ਹੋ ਰਹੀ ਦੁਰਵਰਤੋਂ ਦੀ ਵੀ ਸੂਹ ਮਿਲੀ ਹੈ। ਇਸ ਤਰ੍ਹਾਂ ਦੀਆਂ ਰਿਪੋਰਟਾਂ 3 ਜੂਨ ਤੋਂ ਉਦੋਂ ਆਉਣੀਆਂ ਸ਼ੁਰੂ ਹੋਈਆਂ ਜਦੋਂ ਤੋਂ ਸਰਕਾਰ ਨੇ ਫਰਾਡ ਦੇ ਮਾਮਲੇ ਸਾਹਮਣੇ ਲਿਆਉਣ ਲਈ ਕੈਨੇਡੀਅਨਾਂ ਵਾਸਤੇ ਖਾਸ ਲਾਈਨ ਸ਼ੁਰੂ ਕੀਤੀ ਹੈ।

ਇਸ ਬਾਰੇ ਗੱਲ ਕਰਦਿਆਂ ਇੰਪਲੌਇਮੈਂਟ, ਵਰਕਫੋਰਸ ਡਿਵੈਲਪਮੈਂਟ ਤੇ ਡਿਸਐਬਿਲਿਟੀ ਇਨਕਲੂਸ਼ਨ (Employment, Workforce Development and Disability Inclusion) ਮੰਤਰੀ ਕਾਰਲਾ ਕੁਆਲਤਰੋ ਨੇ ਆਖਿਆ ਕਿ ਸੀਈਆਰਬੀ ਲਈ ਅਪਲਾਈ ਕਰਨ ਵਾਲੇ 8.4 ਮਿਲੀਅਨ ਕੈਨੇਡੀਅਨਾਂ ਵਿੱਚੋਂ 1 ਤੇ 2 ਫੀ ਸਦੀ ਕੈਨੇਡੀਅਨਾਂ ਨੇ ਅਜਿਹਾ ਫਰਾਡ ਵਜੋਂ ਕੀਤਾ ਹੈ।

## ਜੀਟੀਏ 'ਚ ਆਇਆ ਤੂਫਾਨ, ਕਈ ਇਲਾਕਿਆਂ 'ਚ ਬਿਜਲੀ ਸਪਲਾਈ ਠੱਪ



ਓਨਟਾਰੀਓ, 11 ਜੂਨ (ਪੋਸਟ ਬਿਊਰੋ) : ਬੀਤੀ ਰਾਤ ਦੱਖਣੀ ਓਨਟਾਰੀਓ ਵਿੱਚ ਆਏ ਤੂਫਾਨ ਤੋਂ ਬਾਅਦ ਕਈ ਰੁੱਖ ਜੜ੍ਹੋਂ ਪੁੱਟੇ ਗਏ ਤੇ ਖਿੱਤੇ ਵਿੱਚ ਕਈ ਥਾਂਵਾਂ ਉੱਤੇ ਬਿਜਲੀ ਸਪਲਾਈ ਠੱਪ ਹੋ ਗਈ।

ਓਕਵੁਡ ਐਵਨਿਊ ਤੇ ਰੌਜਰਜ਼ ਰੋਡ ਉੱਤੇ ਬੀਤੀ ਰਾਤ ਪੁਲਿਸ ਨੂੰ ਧਮਾਕਿਆਂ ਦੀਆਂ ਰਿਪੋਰਟਾਂ ਵੀ ਮਿਲੀਆਂ ਪਰ ਪੁਲਿਸ ਨੇ ਆਖਿਆ ਕਿ ਇਹ ਧਮਾਕੇ ਕੁੱਝ ਹੋਰ ਨਹੀਂ ਸਗੋਂ ਇਲਾਕੇ ਵਿੱਚ ਹਾਈਡਰੋ ਟਰਾਂਸਫਾਰਮਰਜ਼ ਦੇ ਸੜਨ ਦੀਆਂ ਅਵਾਜ਼ਾਂ ਸਨ।

ਅੱਜ ਦਾ ਦਿਨ ਠੰਢਾ ਰਹਿਣ ਦੀ ਸੰਭਾਵਨਾ ਹੈ। ਤਾਪਮਾਨ 22 ਡਿਗਰੀ ਸੈਲਸੀਅਸ ਬਣਿਆ ਰਹੇਗਾ ਤੇ ਮੌਸਮ ਵਿਗਿਆਨੀਆਂ ਵੱਲੋਂ ਬੱਦਲਵਾਈ ਰਹਿਣ ਦੀ ਵੀ ਪੇਸ਼ੀਨਿਗੋਈ ਕੀਤੀ ਗਈ ਹੈ।

# ਕੋਰੋਨਾ ਦਾ ਦਬਾਅ: ਪੰਜਾਬ ਸਰਕਾਰ ਵੱਲੋਂ ਫਿਰ ਵੀਕ-ਐਂਡ ਲਾਕਡਾਊਨ ਲਾਗੂ

ਚੰਡੀਗੜ੍ਹ, 12 ਜੂਨ, (ਪੋਸਟ ਬਿਊਰੋ)- ਕਰੋਨਾ ਵਾਇਰਸ ਦੇ ਲਗਾਤਾਰ ਵਧ ਰਹੇ ਕੇਸਾਂ ਅਤੇ ਕੁਝ ਹੋਰ ਮੌਤਾਂ ਹੋਣ ਮਗਰੋਂ ਪੰਜਾਬ ਸਰਕਾਰ ਦੀ ਚਿੰਤਾ ਵਧ ਗਈ ਹੈ। ਇਸ ਕਾਰਨ ਰਾਜ ਸਰਕਾਰ ਨੇ ਫਿਰ ਸਖ਼ਤ ਕਦਮ ਚੁੱਕਦੇ ਹੋਏ ਐਲਾਨ ਕੀਤਾ ਹੈ ਕਿ ਅੱਗੇ ਤੋਂ ਸਨਿ-ੱਚਰਵਾਰ ਅਤੇ ਐਤਵਾਰ ਨੂੰ ਮੁਕੰਮਲ ਲਾਕਡਾਊਨ ਲਾਗੂ ਕੀਤਾ ਜਾਵੇਗਾ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਵਲੋਂ ਜਾਰੀ ਹੋਏ ਨਵੇਂ ਹੁਕਮਾਂ ਮੁਤਾਬਕ ਹਰ ਹਫਤੇ ਦੇ ਅੰਤ, ਵੀਕ-ਐਂਡ ਦੇ ਮੌਕੇ ਸ਼ਨੀਵਾਰ ਅਤੇ ਐਤਵਾਰ ਨੂੰ ਪੰਜਾਬ ਵਿੱਚ ਕੋਈ ਵੀ ਦੁਕਾਨ ਖੋਲ੍ਹਣ ਦੀ ਆਗਿਆ ਨਹੀਂ ਹੋਵੇਗੀ। ਇਸ ਦੇ ਨਾਲ ਰਾਜ ਵਿੱਚ ਆਵਾਜਾਈ ਉੱਤੇ ਵੀ ਪਾਬੰਦੀ ਰੱਖੀ ਜਾਵੇਗੀ ਤੇ ਇਨ੍ਹਾਂ ਦਿਨਾਂ ਵਿੱਚ ਪੰਜਾਬ ਦੀਆਂ ਸੜਕਾਂ ਉੱਤੇ ਕੇਵਲ ਉਹੀ ਲੋਕ ਚੱਲ ਸਕਣਗੇ, ਜਿਨ੍ਹਾਂ ਕੋਲ ਈ-ਪਾਸ ਹੋਵੇਗਾ। ਸਰਕਾਰੀ ਹੁਕਮਾਂ ਮੁਤਾਬਕ ਉਦਯੋਗਿਕ ਯੂਨਿਟਾਂ ਨੂੰ ਹਫ਼ਤੇ ਦੇ ਸਾਰੇ ਸੱਤ ਦਿਨ ਖੋਲ੍ਹਣ ਦੀ ਆਗਿਆ ਹੋਵੇਗੀ, ਪਰ ਬਾਜ਼ਾਰ ਅਤੇ ਹੋਰਨੀਂ ਥਾਂਈਂ ਚੱਲਦੀਆਂ ਦੁਕਾਨਾਂ ਬੰਦ ਰਹਿਣਗੀਆਂ।



ਮਹਾਮਾਰੀ ਰੋਕਣ ਲਈ ਕੀਤੀ ਜਾ ਰਹੀ ਇਸ ਸਖਤੀ ਹੇਠ ਦਿੱਲੀ ਤੋਂ ਆਉਂਦੇ ਵਾਹਨਾਂ ਉੱਤੇ ਵਿਸ਼ੇਸ਼ ਰੱਖਣ ਦੀਆਂ ਹਦਾਇਤਾਂ ਵੀ ਦੇ ਦਿੱਤੀਆਂ ਗਈਆਂ ਹਨ। ਨਵੇਂ ਹੁਕਮ ਲਾਗੂ ਹੋਣ ਪਿੱਛੋਂ ਦਿੱਲੀ ਤੋਂ ਆਉਣ ਵਾਲੇ ਸਾਰੇ ਲੋਕਾਂ ਵੱਲੋਂ ਇਸ ਬਿਮਾਰੀ ਤੋਂ ਬਚੇ ਹੋਣ ਸਰਟੀਫ਼ਿਕੇਟ ਦੇਣਾ ਜ਼ਰੂਰੀ ਹੋਵੇਗਾ। ਦਿੱਲੀ ਤੋਂ ਰੋਜ਼ 500 ਤੋਂ 800 ਗੱਡੀਆਂ ਦੀ ਆਮਦ ਹੋ ਰਹੀ ਹੈ ਅਤੇ ਓਥੇ ਲਗਾਤਾਰ ਵਧ ਰਹੇ ਕੋਰੋਨਾ ਵਾਇਰਸ ਦੇ ਕੇਸਾਂ ਤੋਂ ਬਾਅਦ ਜਿਵੇਂ ਪੰਜਾਬ ਵਿੱਚ ਗਿਣਤੀ ਵਧਣ ਲੱਗ ਪਈ ਹੈ, ਉਸ ਨੂੰ ਵੇਖਦੇ ਹੋਏ ਰਾਜ ਸਰਕਾਰ ਸਖਤੀ ਕਰਨ ਲੱਗੀ ਹੈ।

ਇਸ ਦੌਰਾਨ ਸਾਰੇ ਭਾਰਤ ਵਿੱਚ ਕੇਸਾਂ ਤੇ ਮੌਤਾਂ ਦੀ ਗਿਣਤੀ ਵਧਣਾ ਲਗਾਤਾਰ ਜਾਰੀ ਹੈ। ਭਾਰਤ ਵਿੱਚ ਸ਼ੁੱਕਰਵਾਰ ਦੀ ਸਵੇਰ ਹੋਣ ਤੱਕ ਪਿਛਲੇ ਚੌਵੀ ਘੰਟਿਆਂ ਵਿੱਚ 9996 ਹੋਰ ਕੇਸ ਆਉਣ ਨਾਲ ਕੁੱਲ ਕੇਸਾਂ ਦੀ ਗਿਣਤੀ 2,98,283 ਹੋ ਗਈ ਅਤੇ ਸੰਸਾਰ ਵਿੱਚ ਸਪੇਨ ਤੇ ਬ੍ਰਿਟੇਨ ਨੂੰ ਪਿੱਛੇ ਛੱਡ ਕੇ ਭਾਰਤ ਚੌਥੇ ਥਾਂ ਚਲਾ ਗਿਆ ਹੈ।


...ਬਾਕੀ ਪੰਨਾ 6 'ਤੇ



Best Insurance Rates
Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
Personal / Corporation Tax
Accounting / Bookkeeping
Business Registrations
HST/WSIB/Payroll
Financial Statements/Audits
Mortgages and Loans
647-720-5278
PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

DHINDSA LAW
Barrister, Solicitor & Notary Public
www.dhindsalaw.ca
• Criminal and Family Law
• Immigration
• Real Estate
• Wills, Affidavits & Notarizations
Special Discount For Student & Senior Citizens
NAVDEEP DHINDSA B-Tech/ LLB
LOCATIONS: 10510 Torbram Rd Unit-J1, Brampton L6R 3N9 (Torbram & Sandalwood)
Call: 437 998 1429
330 Highway 7 E, Suite 309, Richmond Hill- L4B 3P8

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2394 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE | A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E. #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598







**FRESH & LARGE VARIETY**
**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਸਿੱਖ ਜਾਣਦੇ ਨੇ ਕਿ ਰੋਸ ਮੁਜਾਹਰਿਆਂ ਵਿਚ ਤੇ ਕਰੋਨਾ ਵਰਗੀਆਂ ਮਹਾਂਮਾਰੀਆਂ ਵਿਚ ਕਿਵੇਂ ਹਜਾਰਾਂ ਲੋੜਵੰਦ ਲੋਕਾਂ ਨੂੰ ਲੰਗਰ ਖੁਆਇਆ ਜਾਂਦਾ ਹੈ: ਨਿਊ ਯਾਰਕ ਟਾਈਮਜ਼




ਨਿਊ ਯਾਰਕ (ਹੁਸਨ ਲੜੋਆ ਬੰਗਾ) ਸੰਸਾਰ ਦੀ ਪ੍ਰਸਿੱਧ ਅਖਬਾਰ ਨਿਊ ਯਾਰਕ ਟਾਇਮਜ ਨੇ ਅਮਰੀਕਾ ਦੇ ਗੁਰਦੁਆਰਾ ਸਾਹਿਬਾਨਾਂ ਵਿਚ ਤਿਆਰ ਹੁੰਦੇ ਲੰਗਰਾਂ ਉਤੇ ਇਕ ਸਟੀਕ ਰਿਪੋਰਟ ਤਿਆਰ ਕਰਕੇ ਛਾਪੀ ਹੈ, ਜੋ ਸਾਰੀ ਦੁਨੀਆਂ ਦੇ ਸਿੱਖ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਬਣੀ ਹੈ। ਇਸ ਲਿਖਤ ਵਿਚ ਅਖਬਾਰ ਨੇ ਅਮਰੀਕਾ ਦੇ ਹਰ ਕੋਨੇ ਦੇ ਗੁਰਦੁਆਰਾ ਸਾਹਿਬ ਤੱਕ ਪਹੁੰਚ ਕਰਕੇ ਉਨਾਂ ਕੋਲੋਂ ਕਰੋਨਾ ਮਹਾਂਮਾਰੀ ਦੇ ਚਲਦਿਆਂ ਉਨਾਂ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਕੱਠੀ ਕੀਤੀ ਹੈ ਕਿ ਉਹ ਕਿਸ ਕਿਸਮ ਦੀ ਸੇਵਾ ਕਰ ਰਹੇ ਹਨ, ਜਵਾਬ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸੇਵਾਦਾਰਾਂ ਨੇ ਵਿਸਥਾਰ ਨਾਲ ਦੱਸਿਆ ਹੈ ਕਿ ਉਹ ਕਰੋਨਾ ਮਹਾਂਮਾਰੀ ਤੋਂ ਪਰਭਾਵਤ ਲੋਕਾ ਵਾਸਤੇ ਵੱਡੇ ਰੂਪ ਵਿਚ ਲੰਗਰ ਤਿਆਰ ਕਰਕੇ ਵੰਡ ਰਹੇ ਹਨ। ਇਹ ਲੰਗਰ ਪੈਕੇਟ ਰੂਪ ਵਿਚ ਹਨ ਤੇ ਖਾਣ ਵਾਸਤੇ ਤਿਆਰ ਹੁੰਦੇ ਹਨ, ਜਿਸ ਵਿਚ ਸ਼ਾਕਾਹਾਰੀ ਖਾਣੇ ਭਾਵ, ਰਾਜਮਾਂਹ, ਚੌਲ, ਮਟਰ, ਪਨੀਰ, ਦਾਲ,ਖੀਰ, ਪੀਜੇ,ਬਰਗਰ, ਪਾਸਟਾ, ਟਾਕੋ, ਪਾਣੀ ਤੇ ਸੋਡਾ ਵਗੈਰਾ ਬਹੁਤ ਪੌਸ਼ਟਿਕ ਖਾਣਾ ਹੁੰਦਾ ਹੈ। ਤੇ ਹੁਣ ਤੱਕ ਲੱਖਾਂ ਦੀ ਗਿਣਤੀ ਵਿਚ ਖਾਣਾ ਵੰਡਿਆ ਜਾ ਚੁੱਕਾ ਹੈ। ਹਰ ਧਰਮ ਦੇ ਲੋਕ ਖਾਣਾ ਆਪ ਵੀ ਲੈ ਕੇ ਜਾ ਰਹੇ ਹਨ ਤੇ ਜਿਹੜੇ ਨਹੀਂ ਪਹੁੰਚ ਸਕਦੇ ਉਨਾਂ ਤੱਕ ਖਾਣਾ ਪਹੁੰਚਾਇਆ ਜਾਂਦਾ ਹੈ। ਫੋਨ ਕਾਲਾਂ ਦੁਆਰਾ ਵੀ ਖਾਣਾ ਕੋਰੀਅਰ ਵਾਂਗ ਵੰਡਿਆ ਜਾ ਰਿਹਾ ਹੈ। ਸਵੇਰੇ ਚਾਰ ਵਜੇ ਸੇਵਾਦਾਰ ਗੁਰਦੁਆਰਾ ਸਾਹਿਬ ਆ ਕੇ ਖਾਣਾ ਤਿਆਰ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਸੋਸ਼ਲ ਡਿਸਟੈਂਸਿੰਗ ਦਾ ਪੂਰਾ ਖਿਆਲ ਰਖਿਆ ਜਾਂਦਾ ਹੈ, ਦਸਤਾਨੇ ਦੇ ਮਾਸਕ ਵਰਤੇ ਜਾਂਦੇ ਹਨ ਤਾਂ ਕਿ ਕਰੋਨੇ ਤੋਂ ਬਚਾਅ ਰਹੇ। ਅਖਬਾਰ ਨੇ ਇਹ ਵੀ ਲਿਖਿਆ ਹੈ ਕਿ ਲੰਗਰ ਮੁਫਤ ਵੰਡਣ ਵਰਤਉਣ ਛਕਾਉਣ ਦੇ ਸਿਧਾਂਤ ਦੀ ਪਾਲਣਾ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ, ਜੋ 550 ਸਾਲ ਪੁਰਾਣਾ ਹੈ ਤੇ ਲੰਗਰਾਂ ਵਾਸਤੇ ਰਸਦ ਸੰਗਤਾਂ ਦੇ ਦਾਨ ਰਾਹੀਂ ਚਲਦੀ ਹੈ ਤੇ ਹਰ ਸਿੱਖ ਆਪਣੀ ਆਮਦਨ ਦਾ ਦਸਵਾਂ ਹਿੱਸਾ ਗੁਰਦੁਆਰਾ ਸਾਹਿਬ ਭੇਂਟ ਕਰਦਾ ਹੈ। ਜਿਹੜੇ ਗੁਰ-ਦੁਆਰਾ ਸਾਹਿਬਾਨਾਂ ਨਾਲ ਪੱਤਰਕਾਰ ਬੀਬੀ ਪਰੀਯਾ ਕਰਿਸ਼ਨਾ ਨੇ ਸੰਪਰਕ ਕੀਤਾ, ਉਨਾਂ ਵਿਚ ਗੁਰਦੁਆਰਾ ਸਾਹਿਬ ਫਰੀਮਾਂਟ-ਕੈਲੇਫੋਰਨੀਆ, ਗੁਰਦੁਆਰਾ ਕੁਇਨਜ ਵਿਲੇਜ ਸਿੱਖ ਸੈਂਟਰ ਨਿਊ ਯਾਰਕ, ਗੁਰੂ ਨਾਨਕ ਮਿਸ਼ਨ ਸੋਸਾਇਟੀ ਐਟਲਾਂਟਾ, ਖਾਲਸਾ ਕੇਅਰ ਫਾਊਂਡੇਸ਼ਨ ਪਾਕੋਇਮਾ ਲਾਸਏਂਜਲਸ, ਨਾਰਵਿਕ ਕਨੈਕਟੀਕਟ, ਗੁਰਦੁਆਰਾ ਸੱਚਾ ਮਾਰਗ ਸਾਹਿਬ ਸਿਆਟਲ ਵਾਸ਼ਿੰਗਟਨ, ਹੈਸੀਆਂਡਾ ਡੀ ਗੁਰੂ ਰਾਮਦਾਸ ਐਸਪਾਨੋਲਾ, ਗੁਰੂ ਰਾਮਦਾਸ ਗੁਰਦੁ-ਆਰਾ ਵੈਨਕੂਵਰ ਵਾਸ਼ਿੰਗਟਨ, ਗੁਰਦੁ-ਆਰਾ ਸਾਹਿਬ ਰਿਵਰਸਾਇਡ ਕੈਲੇਫੋਰਨੀਆ, ਸਿੰਘ ਸਭਾ ਮਿਸ਼ੀਗਨ, ਸਿੱਖ ਸੋਸਾਇਟੀ ਆਫ ਸੈਂਟਰ ਫਲੋਰੀਡਾ ਆਦਿ। ਸਿੱਖ ਸੰਸਥਾਵਾਂ ਵਿਚ ਵਰਲਡ ਸਿੱਖ ਪਾਰਲੀਮੈਂਟ ਨਿਊ ਯਾਰਕ, ਯੂਨਾਇਟਡ ਸਿਖਸ, ਸਿੱਖ ਕੋਲੀਸ਼ਨ, ਯੂਨਾਇਟਡ ਸਿੱਖ ਮਿਸ਼ਨ ਰਿਵਰਸਾਇਡ ਕੈਲੇਫੋਰਨੀਆ,ਖਾਲਸਾ ਸਕੂਲ ਰਿਵਰਸਇਡ ਕੈਲੇਫੋਰਨੀਆ ਆਦਿ। ਨਿਊ ਯਾਰਕ ਟਾਇਮਜ ਨੇ ਵਿਸ਼ੇਸ਼ ਤੌਰ ਤੇ ਸ੍ਰੀ ਦਰਬਾਰ ਸਹਿਬ ਅੰਮ੍ਰਿਤਸਰ ਸਾਹਿਬ ਦਾ ਜਿਕਰ ਕਰਦਿਆ ਲਿਖਿਆ ਕਿ ਉਥੇ ਲੰਗਰਾਂ ਵਿਚ ਇਕ ਲੱਖ ਸੰਗਤ ਰੋਜਾਨਾ ਲੰਗਰ ਛਕਦੀ ਹੈ। ਜਿਨਾਂ ਪ੍ਰਮੁੱਖ ਪ੍ਰਬੰਧਕਾਂ ਨਾਲ ਨਿਊ ਯਾਰਕ ਟਾਇਮਜ ਨੇ ਗੱਲਬਾਤ ਕੀਤੀ, ਉਨਾਂ ਵਿਚ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਵਰਲਡ ਸਿੱਖ ਪਾਰਲੀਮੈਂਟ ਦੇ ਹਿੰਮਤ ਸਿੰਘ, ਸੰਤੋਖ ਸਿੰਘ ਢਿੱਲੋਂ, ਸੱਤਜੀਤ ਕੌਰ, ਗੁਰਜੀਵ ਕੌਰ, ਕਿਰਨ ਸਿੰਘ, ਸਵਰਨਜੀਤ ਸਿੰਘ ਖਾਲਸਾ ਨੇ ਖਾਸ ਤੌਰ ਤੇ ਕਿਹਾ ਕਿ ਭਾਰਤ ਵਿਚ ਬਹੁਤ ਸਾਰੇ ਸਿੱਖ ਪੁਲੀਸ ਨੇ ਮਾਰ ਦਿੱਤੇ ਜਦ ਉਹ ਆਪਣੇ ਅਧਿਕਾਰਾਂ ਵਾਸਤੇ ਸੰਘਰਸ਼ ਕਰ ਰਹੇ ਸਨ, ਹਰੀਮੰਦਿਰ ਖਾਲਸਾ, ਗੁਰਪ੍ਰੀਤ ਸਿੰਘ,ਤੇਜਕਿਰਨ ਸਿੰਘ,ਅਮਿਤ ਪਾਲ ਸਿੰਘ, ਚਰਨਜੀਤ ਸਿੰਘ ਆਦਿ। ਮਹਾਂਮਾਰੀ ਤੋਂ ਇਲਾਵਾ ਬਲੈਕ ਲਾਇਫ ਮੈਟਰਜ ਦੇ ਬੈਨਰ ਹੇਠ ਪੂਰੇ ਅਮਰੀਕਾ ਵਿਚ ਹੁੰਦੇ ਰੋਸ ਪਰਦਰਸ਼ਨਾਂ ਵਿਚ ਵੀ ਸਿੱਖ ਹਜਾਰਾਂ ਦੀ ਗਿਣਤੀ ਵਿਚ ਲੰਗਰਾਂ ਤੇ ਪਾਣੀ ਦੀ ਸੇਵਾ ਕਰ ਰਹੇ ਹਨ। ਤੇ ਕਹਿ ਰਹੇ ਹਨ ਕਿ ਜੇ ਲੰਗਰ ਛਕਣ ਵਾਲਿਆਂ ਦੀ ਗਿਣਤੀ ਇਸ ਤੋਂ ਵਧ ਵੀ ਜਾਵੇ ਤਾਂ ਵੀ ਉਹੇ ਸਭ ਨੂੰ ਲੰਗਰਾਂ ਦੀ ਸੇਵਾ ਕਰਨਗੇ ਤੇ ਇਹ ਸੇਵਾ ਵਿਖਾਵੇ ਲਈ ਨਹੀਂ ਹੈ, ਬਲਕਿ ਸੇਵਾ ਇਕ ਭਗਤੀ ਵਾਂਗ ਹੈ ਤੇ ਨਿਰਸੁਆਰਥ ਸੇਵਾ ਭਾਵਨਾ ਹੈ, ਜਿਸ ਵਿਚ ਰੰਗ ਭੇਦ,ਨਸਲ, ਉਚਨੀਚ ਦਾ ਕੋਇ ਭਿੰਨ ਭੇਦ ਨਹੀਂ ਤੇ ਲੰਗਰ ਹਰ ਇਕ ਵਾਸਤੇ। ਅਜਿਹੀਆਂ ਰਿਪੋਰਟਾਂ ਵਿਦੇਸ਼ਾਂ ਦੇ ਸਿੱਖਾਂ ਦਾ ਮਨੋਬਲ ਜਜਬਾ ਵਧਾਂਦੀਆਂ ਹਨ ਤੇ ਮਨੁੱਖਤਾ ਦੀ ਸੇਵਾ ਦਾ ਹੋਰ ਮਾਦਾ ਪੈਦਾ ਕਰਦੀਆਂ ਹਨ। ਇਸ ਨਾਲ ਸਿੱਖ ਧਰਮ ਦੇ ਗੁਣਾਂ ਦੀ ਕਦਰ ਪੈਂਦੀ ਹੈ।




# ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਇੱਕੋ ਦਿਨ ਚਾਰ ਮੌਤਾਂ

### * ਰਾਜ ਵਿੱਚ 77 ਨਵੇਂ ਕੇਸਾਂ ਨਾਲ ਕੁੱਲ ਗਿਣਤੀ 2997 ਹੋਈ



ਚੰਡੀਗੜ੍ਹ, 11 ਜੂਨ, (ਪੋਸਟ ਬਿਊਰੋ)- ਪੰਜਾਬ ਵਿਚ ਅੱਜ ਵੀਰਵਾਰ ਨੂੰ ਪਹਿਲੀ ਵਾਰ ਇੱਕੋ ਦਿਨ ਕੋਰੋਨਾ ਵਾਇਰਸ ਦੇ ਨਾਲ ਚਾਰ ਮਰੀਜ਼ਾਂ ਦੀ ਮੌਤ ਹੋਣ ਕਰ ਕੇ ਕੁੱਲ ਮੌਤਾਂ ਦੀ ਗਿਣਤੀ 62 ਹੋ ਗਈ ਹੈ ਅਤੇ ਇਸ ਦੌਰਾਨ 77 ਹੋਰ ਪਾਜ਼ਿਟਿਵ ਕੇਸ ਮਿਲਣ ਨਾਲ ਕੁੱਲ ਕੇਸਾਂ ਦੀ ਗਿਣਤੀ ਵੀ 2997 ਹੋ ਚੁੱਕੀ ਹੈ।

ਅੱਜ ਅੰਮ੍ਰਿਤਸਰ ਵਿਚ ਕੋਰੋਨਾ ਦੀ ਮਹਾਮਾਰੀ ਨਾਲ ਤਿੰਨ ਹੋਰ ਮਰੀਜ਼ਾਂ ਦੀ ਮੌਤ ਹੋ ਗਈ ਹੈ। ਇੱਕ 62 ਸਾਲਾਂ ਦੀ ਔਰਤ ਤੋਂ ਇਲਾਵਾ ਇੱਕ 63 ਸਾਲਾ ਤੇ ਇੱਕ 70 ਸਾਲਾ ਮਰੀਜ਼ ਦੀ ਮੌਤ ਹੋ ਗਈ ਹੈ। ਅੱਜ ਲੁਧਿਆਣੇ ਦੇ ਇਕ ਮਰੀਜ਼ ਦੀ ਚੰਡੀਗੜ੍ਹ ਵਿੱਚ ਵੀ ਮੌਤ ਹੋਣ ਦਾ ਪਤਾ ਲੱਗਾ ਹੈ। ਕੋਰੋਨਾ ਵਾਇਰਸ ਦੇ ਬਾਰੇ ਇਸ ਵਕਤ ਦੀ ਹਾਲਤ ਇਹ ਹੈ ਕਿ ਅੰਮ੍ਰਿਤਸਰ ਵਿੱਚ ਅੱਜ ਤੱਕ 541 ਕੇਸ ਹੋਏ ਤੇ 15 ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਬਿਨਾ ਜਲੰਧਰ ਵਿੱਚ 322 ਕੇਸ ਅਤੇ 10 ਮੌਤਾਂ, ਲੁਧਿਆਣਾ ਵਿੱਚ 319 ਕੇਸ 10 ਮੌਤਾਂ, ਗੁਰਦਾਸਪੁਰ ਦੇ 175 ਕੇਸ 3 ਮੌਤਾਂ, ਤਰਨ ਤਾਰਨ 171 ਕੇਸ 1 ਮੌਤ, ਪਟਿਆਲਾ 149 ਕੇਸ 3 ਮੌਤਾਂ, ਮੋਹਾਲੀ 142 ਕੇਸ 3 ਮੌਤਾਂ, ਹੁਸ਼ਿਆਰਪੁਰ 136 ਕੇਸ 5 ਮੌਤਾਂ, ਸੰਗਰੂਰ 139 ਕੇਸ 1 ਮੌਤ, ਨਵਾਂ ਸ਼ਹਿਰ 124 ਕੇਸ 1 ਮੌਤ, ਪਠਾਨਕੋਟ 132 ਕੇਸ 5 ਮੌਤਾਂ, ਰੂਪਨਗਰ 76 ਕੇਸ 1 ਮੌਤ, ਕਪੂਰਥਲਾ 46 ਕੇਸ 3 ਮੌਤਾਂ ਤੇ ਬਰਨਾਲਾ ਵਿੱਚ 30 ਕੇਸ ਅਤੇ 1 ਮੌਤ ਦੀ ਖਬਰ ਹੈ। ਫਰੀਦਕੋਟ ਵਿੱਚ 88 ਕੇਸ, ਮੁਕਤਸਰ 72, ਮੋਗਾ 71, ਫ਼ਤਹਿਗੜ੍ਹ ਸਾਹਿਬ 70, ਬਠਿੰਡਾ 63, ਫਾਜ਼ਿਲਕਾ 52, ਮਾਨਸਾ 45 ਤੇ ਫਿਰੋਜ਼ਪੁਰ ਵਿੱਚ 45 ਕੇਸ ਹਨ, ਪਰ ਇਨ੍ਹਾਂ ਜ਼ਿਲਿਆਂ ਵਿੱਚ ਮੌਤਾਂ ਤੋਂ ਬਚਾਅ ਹੈ।

# ਸੰਜੀਵ ਧਵਨ 'ਤੇ ਲੱਗੇ ਸੈਕਸੂਅਲ ਅਸਾਲਟ ਦੇ ਦੋਸ਼

### * ਇਹ ਦੋਸ਼ ਝੂਠੇ ਹਨ: ਸੰਜੀਵ ਧਵਨ




ਬਰੈਂਪਟਨ, 11 ਜੂਨ (ਪੋਸਟ ਬਿਊਰੋ)- ਪੀਲ ਪੁਲਸ ਦੀ ਸਪੈਸ਼ਲ ਵਿਕਟਿਮ ਯੂਨਿਟ ਦੇ ਇੰਵੈਸਟੀਗੇਟਰਜ਼ ਵਲੋਂ ਐਫ.ਬੀ.ਆਈ. (ਫਰੈਡਰਿਕ ਬੈਂਟਿੰਗ ਇਟਰਨੈਸ਼ਨਲ ਸਕੂਲ) ਦੇ ਪ੍ਰਿੰਸੀਪਲ ਸੰਜੀਵ ਧਵਨ ਨੂੰ 16 ਸਾਲ ਦੀ ਇਕ ਲੜਕੀ ਨਾਲ ਸੈਕਸੂਅਲ ਅਸਾਲਟ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ। 8 ਜੂਨ ਨੂੰ 54 ਸਾਲ ਦੇ ਸੰਜੀਵ ਕੁਮਾਰ, ਜਿਸ ਨੂੰ ਸੰਜੀਵ ਧਵਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਉਤੇ ਸੈਕਸੂਅਲ ਅਸਾਲਟ ਤੇ ਸੈਕਸੂਅਲ ਐਕਸਪਲਾਇਟੇਸ਼ਨ ਦੇ ਦੋਸ਼ ਲਾਏ ਗਏ ਸਨ। ਉਸ ਨੂੰ ਬਾਅਦ ਵਿਚ ਰਿਹਾਅ ਕਰ ਦਿੱਤਾ ਗਿਆ ਤੇ ਉਹ ਅਗਸਤ 24, 2020 ਨੂੰ ਅਦਾਲਤ ਵਿਚ ਪੇਸ਼ ਹੋਣਗੇ। ਜਾਂਚਕਰਤਾਵਾਂ ਨੂੰ ਵਿਸ਼ਵਾਸ ਹੈ ਕਿ ਕੁੱਝ ਹੋਰ ਵੀ ਪੀੜਿਤ ਹੋ ਸਕਦੇ ਹਨ ਅਤੇ ਪੁਲਸ ਉਨ੍ਹਾਂ ਨੂੰ ਅੱਗੇ ਆਉਣ ਲਈ ਉਤਸ਼ਾਹਿਤ ਕਰਦੀ ਹੈ। ਇਸ ਸਬੰਧੀ ਸਪੈਸ਼ਲ ਵਿਕਟਿਕ ਯੂਨਿਟ ਨਾਲ 905-453-2121 ਐਕਸਟੈਸ਼ਨ 3400 ਉਤੇ ਸੰਪਰਕ ਕੀਤਾ ਜਾ ਸਕਦਾ ਹੈ। ਸੰਜੀਵ ਧਵਨ ਨਾਲ ਸੰਪਰਕ ਕਰਨ ਉਤੇ ਉਨ੍ਹਾਂ ਕਿਹਾ ਕਿ ਮੈ ਬੜੀ ਜਲਦੀ ਆਪਣੀ ਸਟੇਟਮੈਟ ਤੁਹਾਨੂੰ ਭੇਜ ਦੇਵਾਂਗਾ। ਅਖਬਾਰ ਛਪਣ ਤੱਕ ਉਨ੍ਹਾਂ ਆਪਣੀ ਫੇਸਬੁਕ ਉਤੇ ਲਿਖਿਆ ਕਿ ਕੱਲ੍ਹ ਮੈਨੂੰ ਉਸ ਸਮੇ ਵੱਡਾ ਝਟਕਾ ਲੱਗਾ, ਜਦੋ ਮੇਰੀ ਇਕ ਵਿਦਿਆਰਥਣ ਸਬੰਧੀ ਮੇਰੇ ਉਤੇ ਕ੍ਰਿਮੀਨਲ ਅਫੈਸ ਦੇ ਦੋਸ਼ ਲਾ ਦਿੱਤੇ ਗਏ। ਉਨ੍ਹਾਂ ਲਿਖਿਆ ਕਿ ਮੈ ਆਪਣੇ ਪਰਿਵਾਰ, ਮਿੱਤਰਾਂ ਤੇ ਸਾਬਕਾ ਵਿਦਿਆਰਥੀਆਂ ਨੂੰ ਇਹ ਭਰੋਸਾ ਦਿਵਾਉਦਾ ਹਾਂ ਕਿ ਇਹ ਸਾਰੇ ਹੀ ਦੋਸ਼ ਗਲਤ ਹਨ ਅਤੇ ਮੈਂ ਅਦਾਲਤ ਵਿਚ ਆਪਣੇ ਨਾਮ ਨੂੰ ਸਾਫ਼ ਕਰਨ ਲਈ ਕੇਸ ਲੜਾਂਗਾ। ਸਕੂਲ ਤੇ ਵਿਦਿਆਰਥੀ ਮੇਰੀ ਤਰਜੀਹ ਹਨ ਤੇ ਮੈ ਇਸ ਬਦਕਿਸਮਤ ਘਟਨਾ ਕਾਰਨ ਉਨ੍ਹਾਂ ਨੂੰ ਨੁਕਸਾਨ ਨਹੀ ਪਹੁੰਚਾਉਣਾ ਚਾਹੁੰਦਾ ਇਸ ਲਈ ਮੈਂ ਇਸ ਸਕੂਲ ਤੋ ਲਾਂਭੇ ਹੁੰਦਾ ਹੋਇਆ ਛੁੱਟੀ ਉਤੇ ਜਾਂਦਾ ਹਾਂ।

ਯਾਦ ਰਹੇ ਸੰਜੀਵ ਧਵਨ ਪੰਜਾਬੀ ਭਾਈਚਾਰੇ ਵਿਚ ਇਕ ਸਰਗਰਮ ਹਰਕਤ ਕਰਤਾ ਸ਼ਖਸ ਹੈ। ਲੰਮਾ ਸਮਾਂ ਮਾਂਟਰੀਅਲ ਵਿਖੇ ਰਿਫਿਊਜੀਆਂ ਦੇ ਹੱਕਾਂ ਲਈ ਲੜਨ ਤੋ ਬਾਅਦ ਬਰੈਂਪਟਨ ਵਿਚ ਪਹਿਲਾਂ ਗੁਰੂ ਤੇਗ ਬਹਾਦਰ ਸਕੂਲ ਫੇਰ ਐਫ.ਬੀ.ਆਈ. ਸਕੂਲ ਅਤੇ ਇਸ ਦੇ ਨਾਲ-ਨਾਲ ਪਿਛੇ ਜਿਹੇ ਬਰੈਂਪਟਨ ਵਿਚ ਸਿਹਤ ਸੇਵਾਵਾਂ ਦੇ ਸੁਧਾਰ ਲਈ ਭੁਖ ਹੜਤਾਲ ਰੱਖ ਕੇ ਵੀ ਚਰਚਾ ਵਿਚ ਰਿਹਾ ਹੈ।

# ਪੁਲਿਸ ਨੂੰ ਕੈਮਰਿਆਂ ਨਾਲ ਲੈਸ ਕਰਨ ਲਈ ਪ੍ਰੀਮੀਅਰਜ਼ ਨਾਲ ਵਿਚਾਰ ਵਟਾਂਦਰਾ ਕਰਨਗੇ ਟਰੂਡੋ



ਓਟਵਾ, 11 ਜੂਨ (ਪੋਸਟ ਬਿਊਰੋ) : ਪੁਲਿਸ ਉੱਤੇ ਨਸਲਵਾਦ ਤੇ ਜ਼ੁਲਮ ਦੇ ਲੱਗ ਰਹੇ ਦੋਸ਼ਾਂ ਦੇ ਸਬੰਧ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਕਹਿਣਾ ਹੈ ਕਿ ਉਹ ਪ੍ਰੋਵਿੰਸ਼ੀਅਲ ਪ੍ਰੀਮੀਅਰਜ਼ ਉੱਤੇ ਇਹ ਯਕੀਨੀ ਬਣਾਉਣ ਲਈ ਦਬਾਅ ਪਾਉਣਗੇ ਕਿ ਉਹ ਆਪਣੇ ਪੁਲਿਸ ਅਧਿਕਾਰੀਆਂ ਨੂੰ ਸਰੀਰ ਉੱਤੇ ਲਾਏ ਜਾਣ ਵਾਲੇ ਕੈਮਰਿਆਂ ਨਾਲ ਲੈਸ ਕਰਨ।

ਇਹ ਕੈਮਰੇ ਪੁਲਿਸ ਅਧਿਕਾਰੀਆਂ ਦੀ ਜਨਤਾ ਨਾਲ ਹੋਣ ਵਾਲੀ ਗੱਲਬਾਤ ਨੂੰ ਸਿੱਧੇ ਤੌਰ ਉੱਤੇ ਰਿਕਾਰਡ ਕਰ ਸਕਦੇ ਹਨ। ਟਰੂਡੋ ਨੇ ਆਖਿਆ ਕਿ ਪੁਲਿਸ ਵੱਲੋਂ ਲੋਕਾਂ ਨਾਲ ਨਸਲੀ ਵਿਤਕਰਾ ਕੀਤੇ ਜਾਣ ਦੇ ਮਾਮਲੇ ਨਾਲ ਨਜਿੱਠਣ ਦਾ ਇਸ ਤੋਂ ਵਧੀਆ ਤਰੀਕਾ ਹੋਰ ਕੋਈ ਨਹੀਂ ਹੋ ਸਕਦਾ। ਉਨ੍ਹਾਂ ਅੱਗੇ ਆਖਿਆ ਕਿ ਸਦੀਆਂ ਤੋਂ ਚੱਲੀ ਆ ਰਹੀ ਨਸਲੀ ਬੇਇਨਸਾਫੀ ਰਾਤੋਂ ਰਾਤ ਖਤਮ ਨਹੀਂ ਹੋ ਸਕਦੀ ਪਰ ਤਾਜ਼ਾ ਮੁਜ਼ਾਹਰਿਆਂ ਨੇ ਉਨ੍ਹਾਂ ਨੂੰ ਦਰਸਾ ਦਿੱਤਾ ਹੈ ਕਿ ਜਲਦ ਹੀ ਕਾਫੀ ਕੁੱਝ ਕੀਤੇ ਜਾਣ ਦੀ ਲੋੜ ਹੈ।

ਉਨ੍ਹਾਂ ਆਖਿਆ ਕਿ ਕੈਮਰੇ ਵਾਲਾ ਬਦਲ ਇਸ ਸਮੇਂ ਬਿਹਤਰ ਤਰੀਕਾ ਹੈ ਤੇ ਸਾਨੂੰ ਇਸ ਪਾਸੇ ਤੇਜ਼ੀ ਨਾਲ ਕੰਮ ਕਰਨਾ ਚਾਹੀਦਾ ਹੈ। ਟਰੂਡੋ ਨੇ ਆਖਿਆ ਕਿ ਉਨ੍ਹਾਂ ਨੇ ਇਹ ਮੁੱਦਾ ਆਰਸੀਐਮਪੀ ਕਮਿਸ਼ਨਰ ਬ੍ਰੈਂਡਾ ਲੱਕੀ ਨਾਲ ਵਿਚਾਰਿਆ ਸੀ। ਉਹ ਇਸ ਹਫਤੇ ਦੇ ਅੰਤ ਤੱਕ ਸਾਰੇ ਪ੍ਰੀਮੀਅਰਜ਼ ਨਾਲ ਵੀ ਇਸ ਨੂੰ ਵਿਚਾਰਨਗੇ।

# ਬਲੋਚਾਂ ਅਤੇ ਪਾਕਿ ਫੌਜ ਦਾ ਟਕਰਾਅ ਅਚਾਨਕ ਹੋਰ ਵਧਿਆ

### * ਲੋਕਾਂ ਦੀ ਪੱਥਰਬਾਜ਼ੀ ਦੌਰਾਨ ਫੌਜੀ ਆਪਣੀ ਪੋਸਟ ਛੱਡ ਕੇ ਭੱਜੇ

ਇਸਲਾਮਾਬਾਦ, 11 ਜੂਨ, (ਪੋਸਟ ਬਿਊਰੋ)- ਪਾਕਿਸਤਾਨ ਦੇ ਬਲੋਚਿਸਤਾਨ ਰਾਜ ਵਿਚ ਬਲੋਚ ਬਾਗੀਆਂ ਖਿਲਾਫ ਫੌਜ ਦੀ ਜ਼ਾਲਮਾਨਾ ਮੁਹਿੰਮ ਦੇ ਦੌਰਾਨ ਅੱਜ ਵੀਰਵਾਰ ਨੂੰ ਪਾਕਿਸਤਾਨੀ ਫੌਜ ਨੂੰ ਭੱਜਣਾ ਪੈ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਬਲੋਚਿਸਤਾਨ ਦੇ ਬ੍ਰਾਬਚਾਹ ਇਲਾਕੇ ਵਿਚ ਬਲੋਚਾਂ ਦੇ ਵੀਰਵਾਰ ਦੇ ਜ਼ੋਰਦਾਰ ਹਿੰਸਕ ਵਿਰੋਧ ਤੇ ਪੱਥਰਬਾਜ਼ੀ ਕਾਰਨ ਪਾਕਿਸਤਾਨੀ ਫੌਜ ਦੇ ਦਸਤਿਆਂ ਨੂੰ ਆਪਣੀ ਪੋਸਟ ਛੱਡ ਕੇ ਭੱਜਣਾ ਪਿਆ ਹੈ। ਇਸ ਰਾਜ ਦੇ ਤੁਰਬਤ ਸ਼ਹਿਰ ਵਿਚ 2 ਹਫਤੇ ਪਹਿਲਾਂ ਇਕ ਬਲੋਚ ਮਹਿਲਾ ਨਾਜ਼ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਤੇ ਉਸ ਦੀ 4 ਸਾਲਾ ਬੇਟੀ ਬ੍ਰਹਮ ਨੂੰ ਜ਼ਖਮੀ ਕਰ ਦਿੱਤਾ ਗਿਆ ਸੀ, ਜਿਸ ਪਿੱਛੋਂ ਲਗਾਤਾਰ ਪ੍ਰਦਰਸ਼ਨ ਹੋ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਕਾਤਲ ਬਲੋਚਿਸਤਾਨ ਦੀ ਹਾਕਮ ਪਾਰਟੀ ਬੀ ਏ ਪੀ ਨਾਲ ਸੰਬੰਧ ਰੱਖਦੇ ਹਨ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀ ਗਈ ਹੈ। ਇੱਕ ਹੋਰ ਵੀਡੀਓ ਵਿੱਚ ਬਲੋਚਿਸਤਾਨ ਵਿਚ ਹਜ਼ਾਰਾਂ ਲੋਕ ਪਾਕਿਸਤਾਨੀ ਫੌਜਾਂ ਉੱਤੇ ਪੱਥਰਬਾਜ਼ੀ ਕਰਦੇ ਦਿਖਾਈ ਦੇਂਦੇ ਹਨ। ਕੋਲ ਫੌਜ ਦੇ ਟੈਂਕ ਵੀ ਖੜ੍ਹੇ ਸਨ, ਪਰ ਲੋਕਾਂ ਦੇ ਖਿਲਾਫ ਕਾਰਵਾਈ ਕਰਨ ਵਿਚ ਅਸਫਲ ਰਹਿਣ ਕਰ ਕੇ ਫੌਜੀ ਭੱਜਣ ਲਈ ਮਜਬੂਰ ਹੋ ਗਏ ਹਨ।

ਇਸ ਦੌਰਾਨ ਬਲੋਚ ਲਿਬ੍ਰੇਸ਼ਨ ਆਰਮੀ ਦੇ ਖਾਤਮੇ ਲਈ ਪਾਕਿ ਫੌਜ ਦੀ 'ਗ੍ਰਾਊਂਡ ਜ਼ੀਰੋ ਕਲੀਅਰੈਂਸ ਆਪ੍ਰੇਸ਼ਨ' ਦੇ ਤਹਿਤ ਕਾਰਵਾਈ ਚੱਲ ਰਹੀ ਹੈ। ਕੁਝ ਹਫਤੇ ਪਹਿਲਾਂ ਇੱਕ ਸਰਕਾਰ ਪੱਖੀ ਨੇਤਾ ਨਵਾਬਜ਼ਾਦਾ ਜਮਾਲ ਖਾਨ ਰਾਏਸੈਨੀ ਨੇ ਕਿਹਾ ਸੀ ਕਿ ਪਾਕਿਸਤਾਨੀ ਫੌਜ ਨੇ ਬਲੋਚ ਲਿਬ੍ਰੇਸ਼ਨ ਆਰਮੀ ਤੇ ਬਲੋਚ ਲਿਬ੍ਰੇਸ਼ਨ ਫਰੰਟ ਦੇ ਖਾਤਮੇ ਦੀ ਮੁਹਿੰਮ ਚਲਾਈ ਅਤੇ ਕਈ ਅੱਤਵਾਦੀ ਮਾਰ ਦਿੱਤੇ ਅਤੇ ਟਿਕਾਣੇ ਤਬਾਹ ਕੀਤੇ ਹਨ। ਬਲੋਚਿਸਤਾਨ ਦੇ ਗ੍ਰਹਿ ਮੰਤਰੀ ਮੀਰ ਜ਼ਿਆ ਉੱਲਾਹ ਲੰਗੁਵ ਨੇ ਆਪ੍ਰੇਸ਼ਨ ਦੇ ਬਾਰੇ ਕੁਝ ਨਹੀਂ ਦੱਸਿਆ, ਪਰ 'ਅਸਰਦਾਰ' ਕਦਮ ਚੁੱਕਣ ਦੀ ਗੱਲ ਕਹੀ ਹੈ। ਇਕ ਇੰਟੈਲੀਜੈਂਸ ਅਫਸਰ ਦਾ ਕਹਿਣਾ ਹੈ ਕਿ ਪਾਕਿਸਤਾਨ ਨੇ ਪਿਛਲੇ ਸਾਲ ਮਈ ਤੋਂ ਈਰਾਨ ਵਾਲੀ 900 ਕਿਲੋਮੀਟਰ ਦੀ ਸਰਹੱਦ ਉੱਤੇ ਕੰਢੇਦਾਰ ਕੰਧ ਲਾਉਣੀ ਸ਼ੁਰੂ ਕੀਤੀ ਸੀ, ਜਿਸ ਨਾਲ ਬਾਗੀ ਪਰੇਸ਼ਾਨ ਹੋ ਕੇ ਹੋਰ ਵਧੇਰੇ ਹਮਲੇ ਕਰ ਰਹੇ ਹਨ।

ਦੂਸਰੇ ਪਾਸੇ ਅੱਜ ਅਫ਼ਗਾਨਿਸਤਾਨ ਸਰਹੱਦ ਨਾਲ ਲੱਗਦੇ ਉੱਤਰੀ ਵਜ਼ੀਰਿਸਤਾਨ ਵਿਚ ਕਿਸੇ ਅੱਤਵਾਦੀ ਗਰੁੱਪ ਵੱਲੋਂ ਕੀਤੇ ਬੰਬ ਧਮਾਕੇ ਵਿਚ ਪਾਕਿਸਤਾਨੀ ਫ਼ੌਜ ਦੇ ਦੋ ਜਵਾਨ ਮਾਰੇ ਗਏ ਹਨ। ਅੱਤਵਾਦੀਆਂ ਨੇ ਖ਼ੈਬਰ ਪਖਤੂਨਖਵਾ ਦੇ ਮਿਰਾਨਸ਼ਾਹ ਸ਼ਹਿਰ ਨੇੜੇ ਇਹ ਆਈ ਈ ਡੀ ਧਮਾਕਾ ਕੀਤਾ ਹੈ। ਫ਼ੌਜ ਦੇ ਬੁਲਾਰੇ ਨੇ ਦੱਸਿਆ ਕਿ ਇਸ ਬੰਬ ਧਮਾਕੇ ਵਿਚ ਫ਼ੌਜ ਦੇ ਦੋ ਜਵਾਨ ਮਾਰੇ ਗਏ ਤੇ ਦੋ ਜ਼ਖ਼ਮੀ ਹੋਏ ਹਨ। ਕਿਸੇ ਅੱਤਵਾਦੀ ਗਰੁੱਪ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ, ਪ੍ਰੰਤੂ ਇਸ ਇਲਾਕੇ ਵਿਚ ਤਾਲਿਬਾਨ ਦਾ ਵੱਡਾ ਆਧਾਰ ਹੈ ਤੇ ਇਹ ਧਮਾਕਾ ਉਸ ਦਾ ਕੀਤਾ ਜਾਪਦਾ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

## ਅੱਜ ਨਾਮਾ

ਕਾਹਲੀ ਕੀਤੀ ਤੇ ਦਿੱਤੀ ਸੀ ਖੁੱਲ੍ਹ ਐਵੇਂ,
ਕੀਤਾ ਸੀਗਾ ਲੋੜੀਂਦਾ ਨਾ ਕੇਅਰ ਬੇਲੀ।
ਚੜ੍ਹ ਗਏ ਏਦਾਂ ਕੋਰੋਨਾ ਦੇ ਕੇਸ ਮੁੜ ਕੇ,
ਚੜ੍ਹਦਾ ਜਿੱਦਾਂ ਅੰਬਾਨੀ ਦਾ ਸ਼ੇਅਰ ਬੇਲੀ।
ਲਾਪ੍ਰਵਾਹੀ ਵੀ ਹੋਈ ਆ ਥਾਂਓਂ-ਥਾਈਂ,
ਤਾਂਹੀ ਲੱਗਿਆ ਪੁੱਠਾ ਹੈ ਗੇਅਰ ਬੇਲੀ।
ਵਿਹਲਾ ਬੈੱਡ ਕੋਈ ਜਾਪਦਾ ਰਿਹਾ ਨਾਹੀਂ,
ਡਾਕਟਰ ਖੜੇ ਹਨ ਛੱਡ ਕੇ ਚੇਅਰ ਬੇਲੀ।
ਤਾਲਾਬੰਦੀ ਵੀ ਲੱਗੀ ਹੈ ਆਉਣ ਮੁੜ ਕੇ,
ਭਾਵੇਂ ਹੋਣੀ ਇਹ ਪਹਿਲਾਂ ਤੋਂ ਘੱਟ ਬੇਲੀ।
ਆਵੇ ਅਕਲ ਨਹੀਂ ਆਖੇ ਸਿਆਣਿਆਂ ਦੇ,
ਆਉਂਦੀ ਓਦੋਂ, ਜਾਂ ਪੈਂਦੀ ਹੈ ਸੱਟ ਬੇਲੀ।

**ਤੀਸ ਮਾਰ ਖਾਂ**

# ਭਾਰਤੀ ਕੰਪਨੀ ਦਾ ਕੋਰੋਨਾ ਵੈਕਸੀਨ ਦਾ ਐਨੀਮਲ ਟਰਾਇਲ ਸਫਲ ਹੋਣ ਦਾ ਦਾਅਵਾ

### * ਅਮਰੀਕਾ ਦੀਆਂ ਤਿੰਨ ਕੰਪਨੀਆਂ ਵੀ ਕੋਰੋਨਾ ਵੈਕਸੀਨ ਬਣਾਉਣ ਦੇ ਨੇੜੇ

ਨਵੀਂ ਦਿੱਲੀ, 11 ਜੂਨ, (ਪੋਸਟ ਬਿਊਰੋ)- ਭਾਰਤ ਦੀ ਇੱਕ ਦਵਾਈਆਂ ਦੀ ਕੰਪਨੀ ਪਨਾਸੀਆ ਬਾਇਓਟੈਕ ਲਿਮਟਿਡ ਨੇ ਦਾਅਵਾ ਕੀਤਾ ਹੈ ਕਿ ਉਸ ਵੱਲੋਂ ਕੋਵਿਡ-19 ਲਈ ਬਣਾਈ ਦਵਾਈ ਦੀ ਪਰਖ ਜਾਨਵਰਾਂ ਉੱਤੇ ਸਫਲ ਰਹੀ ਹੈ ਤੇ ਉਹ ਸੰਭਾਵਤ ਵੈਕਸੀਨ ਬਣਾਉਣ ਲਈ ਅਮਰੀਕੀ ਕੰਪਨੀ ਰਿਫਾਨਾ ਇੰਕ ਨਾਲ ਭਾਈਵਾਲੀ ਕਰੇਗੀ।

ਇਸ ਬਾਰੇ ਪਨਾਸੀਆ ਵੱਲੋਂ ਸਟਾਕ ਐਕਸਚੇਂਜ ਨੂੰ ਦਿੱਤੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਭਾਈਵਾਲੀ ਦਾ ਉਦੇਸ਼ ਕੋਰੋਨਾ ਵਾਇਰਸ ਦੇ 40 ਮਿਲੀਅਨ ਜਾਂ 4 ਕਰੋੜ ਤੋਂ ਵੱਧ ਵੈਕਸੀਨ ਅਗਲੇ ਸਾਲ ਦੇ ਸ਼ੁਰੂ ਤੱਕ ਪੈਦਾ ਕਰਨਾ ਹੈ ਤੇ ਇਸ ਦੀ ਕਾਮਯਾਬੀ ਦੀ ਉਮੀਦ ਹੈ। ਪਨੇਸ਼ੀਆ ਦੇ ਅਧਿਕਾਰੀ ਨੇ ਇਕ ਚੈਨਲ ਨਾਲ ਗੱਲਬਾਤ ਦੌਰਾਨ ਕਿਹਾ ਕਿ ਇਸ ਵੈਕਸੀਨ ਦਾ ਐਨੀਮਲ ਟਰਾਇਲ ਹਾਲੇ ਤੱਕ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਰਿਹਾ ਹੈ। ਉਨ੍ਹਾਂ ਦੱਸਿਆ ਹੈ ਕਿ ਅਗਸਤ ਤੋਂ ਸਤੰਬਰ ਵਿਚਾਲੇ ਮਨੁੱਖੀ ਟਰਾਇਲ ਲਈ ਡਰੱਗ ਅਥਾਰਟੀ ਨੂੰ ਅਰਜ਼ੀ ਦੇ ਦਿੱਤੀ ਜਾਵੇਗੀ। ਇਸ ਦੌਰਾਨ ਪਨਾਸੀਆਂ ਵੱਲੋਂ ਅਮਰੀਕੀ ਕੰਪਨੀ ਨਾਲ ਸਾਂਝ ਪਿੱਛੋਂ ਦੋਵਾਂ ਕੰਪਨੀਆਂ ਨੇ ਦੱਸਿਆ ਕਿ ਇਨਐਕਟਿਵ ਵਾਇਰਸ ਦੇ ਅਧਾਰ ਉੱਤੇ ਹੀ ਇੱਕ ਟੀਕਾ ਬਣਾਉਣ ਲਈ ਭਾਈਵਾਲੀ ਕੀਤੀ ਗਈ ਹੈ। ਪਨਾਸੀਆ ਅਮਰੀਕਾ ਦੀ ਕੰਪਨੀ ਰੇਫਾਨਾ ਨਾਲ ਮਿਲ ਕੇ ਕੋਵਿਡ-19 ਵੈਕਸੀਨ ਦੀਆਂ 5 ਕਰੋੜ ਤੋਂ ਵੱਧ ਵੈਕਸੀਨ ਬਣਾਉਣਾ ਚਾਹੁੰਦੀ ਹੈ ਤੇ ਇਸ ਵਿੱਚੋਂ 4 ਕਰੋੜ ਵੈਕਸੀਨ ਅਗਲੇ ਸਾਲ ਵਿੱਚ ਹੀ ਉਤਪਾਦਨ ਕਰਨ ਦਾ ਟੀਚਾ ਹੈ। ਇਸ ਟੀਕੇ ਉਤੇ ਦੋਵਾਂ ਕੰਪਨੀਆਂ ਦੀ ਅੱਧੋ-ਅੱਧ ਹਿੱਸੇਦਾਰੀ ਹੋਵੇਗੀ।

ਦੂਸਰੇ ਪਾਸੇ ਅਮਰੀਕਾ ਵਿੱਚ ਇਨਫੈਕਸ਼ਨ ਰੋਗਾਂ ਦੇ ਵੱਡੇ ਮਾਹਰ ਐਂਥਨੀ ਕਾਫੀ ਦਾ ਕਹਿਣਾ ਹੈ ਕਿ ਸਰਕਾਰ ਤਿੰਨ ਕੋਰੋਨਾ ਵਾਇਰਸ ਦੇ ਟੀਕਿਆਂ ਦਾ ਅਧਿਐਨ ਕਰ ਕੇ ਇਸ ਲਈ ਫੰਡ ਜਾਰੀ ਕਰੇਗੀ। ਉਨ੍ਹਾਂ ਕਿਹਾ ਕਿ ਕੋਰੋਨਾ ਵਾਇਰਸ ਦੇ ਵੈਕਸੀਨ ਦਾ ਵਿਕਾਸ ਠੀਕ ਤਰ੍ਹਾਂ ਹੋ ਰਿਹਾ ਹੈ ਅਤੇ ਆਸ ਹੈ ਕਿ ਛੇਤੀ ਹੀ ਇਸ ਵੈਕਸੀਨ ਦਾ ਐਡਵਾਂਸ ਕਲੀਨਿਕਲ ਟਰਾਇਲ ਹੋਣ ਲੱਗ ਪਵੇਗਾ। ਇੱਕ ਰਿਪੋਰਟ ਮੁਤਾਬਕ ਮਾਡਰਨਾ ਦੇ ਟੀਕੇ ਦਾ ਤੀਜੇ ਪੜਾਅ ਦਾ ਟਰਾਇਲ ਜੁਲਾਈ ਵਿਚ ਕੀਤਾ ਜਾਵੇਗਾ, ਜਦੋਂ ਕਈ ਹਜ਼ਾਰ ਲੋਕਾਂ ਉੱਤੇ ਇਸ ਨੂੰ ਪਰਖਿਆ ਜਾਵੇਗਾ ਕਿ ਵੈਕਸੀਨ ਸੁਰੱਖਿਅਤ ਤੇ ਪ੍ਰਭਾਵਸ਼ਾਲੀ ਹੈ ਜਾਂ ਨਹੀਂ। ਇਸ ਤੋਂ ਬਾਅਦ ਆਕਸਫੋਰਡ-ਐਸਟ੍ਰਾ ਜੇਨੇਕਾ ਵੈਕਸੀਨ ਦਾ ਅਗਸਤ ਅਤੇ ਜਾਨਸਨ ਐਂਡ ਜਾਨਸਨ ਦੇ ਟੀਕੇ ਦਾ ਸਤੰਬਰ ਵਿਚ ਟਰਾਇਲ ਕੀਤਾ ਜਾਵੇਗਾ। ਜਾਨਸਨ ਐਂਡ ਜਾਨਸਨ ਕੰਪਨੀ ਨੇ ਕਿਹਾ ਹੈ ਕਿ ਉਸ ਨੇ ਕੋਰੋਨਾ ਦੇ ਇਲਾਜ ਦੇ ਲਈ ਸੰਭਾਵਿਤ ਵੈਕਸੀਨ ਦੀ ਪਛਾਣ ਕਰ ਲਈ ਹੈ ਤੇ ਸਤੰਬਰ ਵਿਚ ਮਨੁੱਖਾਂ ਉੱਤੇ ਟੈਸਟ ਕੀਤਾ ਜਾਵੇਗਾ। ਕੰਪਨੀ ਦਾ ਕਹਿਣਾ ਹੈ ਕਿ ਅਗਲੇ ਸਾਲ ਸ਼ੁਰੂ ਵਿਚ ਐਮਰਜੰਸੀ ਲਈ ਦਵਾਈ ਮਿਲ ਸਕੇਗੀ। ਇਸ ਕੰਪਨੀ ਦੇ ਮੁੱਖ ਖੋਜ ਅਧਿਕਾਰੀ ਪਾਲ ਸਟੇਫੇਲਸ ਨੇ ਕਿਹਾ ਕਿ ਸਾਡੇ ਕੋਲ ਕਈ ਸੰਭਾਵਿਤ ਵੈਕਸੀਨ ਸਨ, ਜਿਨ੍ਹਾਂ ਦੀ ਪਰਖ ਅਸੀਂ ਜਾਨਵਰਾਂ ਉੱਤੇ ਕੀਤੀ ਸੀ ਤੇ ਉਨ੍ਹਾਂ ਵਿਚੋਂ ਅਸੀਂ ਬਿਹਤਰੀਨ ਨੂੰ ਚੁਣਨਾ ਸੀ, ਇਸ ਵਿਚ 15 ਜਨਵਰੀ ਤੋਂ ਬਾਅਦ ਦੇ ਕਈ ਹਫਤਿਆਂ ਦਾ ਸਮਾਂ ਲੱਗ ਗਿਆ। ਉਨ੍ਹਾਂ ਕਿਹਾ ਕਿ ਅਸੀਂ ਪਤਾ ਲਾਉਣਾ ਸੀ ਕਿ ਕਿਸ ਸੰਭਾਵਤ ਵੈਕਸੀਨ ਵਿਚ ਸੁਧਾਰ ਕੀਤਾ ਜਾ ਸਕਦਾ ਹੈ ਤਾਂ ਕਿ ਇਕ ਪਾਸੇ ਇਹ ਪੱਕਾ ਹੋ ਸਕੇ ਕਿ ਅਸੀਂ ਕੰਮ ਕਰੀਏ ਤੇ ਦੂਜੇ ਪਾਸੇ ਇਸ ਦਾ ਵੱਧ ਤੋਂ ਵੱਧ ਲਾਭ ਲਿਆ ਜਾ ਸਕੇ।

ਓਧਰ ਰੇਗੇਨਰਨ ਫਾਰਮਾਸਯੂਟਿਕਲ ਇੰਕ ਦੇ ਵੀਰਵਾਰ ਨੂੰ ਇਕ ਐਲਾਨ ਮੁਤਾਬਕ ਕੋਵਿਡ-19 ਦੇ ਇਲਾਜ ਲਈ ਇਕ ਦਵਾਈ ਨੂੰ ਅਮਰੀਕਾ ਵਿਚ ਰੋਗੀਆਂ ਉੱਤੇ ਟੈਸਟ ਕੀਤਾ ਜਾ ਸਕਦਾ ਹੈ। ਇਹ ਅਮਰੀਕਾ ਵਿਚ ਐਂਟੀਬਾਡੀ ਕਾਕਟੇਲ ਦਾ ਪਹਿਲਾ ਟਰਾਇਲ ਹੈ ਤੇ ਸਫਲ ਹੋਣ ਉੱਤੇ ਰੇਗੇਨਰਨ ਨੂੰ ਆਸ ਹੈ ਕਿ ਇਹ ਕੁਝ ਸਮਾਂ ਬਾਅਦ ਹਾਸਲ ਹੋ ਸਕਦਾ ਹੈ।




# 5000 ਕਰੋੜ ਦੇ ਗਬਨ ਦਾ ਕੇਸ: ਵਕੀਲ ਨੇ ਕਿਹਾ: ਪੁਲਸ ਨੇ ਮੈਡਮ ਦੇ ਪਰਸ ਖਰਾਬ ਕਰ ਦਿੱਤੇ ਹਨ ਤੇ ਨਵੇਂ ਚਾਹੀਦੇ ਹਨ

ਕੁਆਲਾਲੰਪੁਰ, 11 ਜੂਨ (ਪੋਸਟ ਬਿਊਰੋ)- ਮਲੇਸ਼ੀਆ ਦੇ ਸਾਬਕਾ ਪ੍ਰਧਾਨ ਮੰਤਰੀ ਨਜ਼ੀਬ ਰਜ਼ਾਕ ਦੀ ਪਤਨੀ ਰੋਸ਼ਮਾ ਮੰਸੂਰ ਦੇ ਵਕੀਲ ਨੇ ਪੁਲਸ 'ਤੇ ਮੈਡਮ ਦੇ ਕੀਮਤੀ ਪਰਸ ਅਤੇ ਹੈਂਡਬੈਗ ਦੀ ਦੇਖਭਾਲ ਨਾ ਕਰਨ, ਉਨ੍ਹਾਂ ਨੂੰ ਖਰਾਬ ਕਰਨ ਅਤੇ ਨੁਕਸਾਨ ਪਹੁੰਚਾਉਣ ਦੇ ਦੋਸ਼ ਲਾਏ ਹਨ। ਇਹੀ ਨਹੀਂ, ਉਨ੍ਹਾਂ ਨੇ ਇਸ ਦੇ ਲਈ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਵੀ ਕੀਤੀ ਹੈ। ਰਜ਼ਾਕ 'ਤੇ ਅਹੁਦੇ ਦੀ ਦੁਰਵਰਤੋਂ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਦੇ ਜ਼ਰੀਏ ਕਰੀਬ 5000 ਕਰੋੜ ਰੁਪਏ ਦੇ ਕਰੀਬ ਗਬਨ ਦੇ ਦੋਸ਼ ਹਨ। ਕੱਲ੍ਹ ਕੁਆਲੰਲਪੁਰ ਹਾਈ ਕੋਰਟ ਵਿੱਚ ਇਨ੍ਹਾਂ 'ਤੇ ਸੁਣਵਾਈ ਹੋਈ ਸੀ।

ਨਜ਼ੀਬ ਦੇ ਵਕੀਲ ਮੁਹੰਮਦ ਸ਼ਫੀ ਅਬਦੁੱਲਾ ਨੇ ਬਚਾਅ ਦੀ ਤਿਆਰੀ ਲਈ ਮਲੇਸ਼ੀਆ ਦੇ ਕੇਂਦਰੀ ਬੈਂਕ ਵਿੱਚ ਰੱਖੇ ਜ਼ਬਤ ਸਾਮਾਨ ਨੂੰ ਦੇਖਣ ਦੀ ਇਜਾਜ਼ਤ ਮੰਗੀ ਸੀ। ਇਸ ਦੇ ਬਾਅਦ ਉਨ੍ਹਾਂ ਨੇ ਹਾਈ ਕੋਰਟ ਨੂੰ ਕਿਹਾ, ਪੁਲਸ ਨੇ ਮੈਡਮ ਦੇ ਕੀਮਤੀ ਸਾਮਾਨ ਦਾ ਜ਼ਰਾ ਵੀ ਸਨਮਾਨ ਨਹੀਂ ਦਿਖਾਇਆ। ਉਨ੍ਹਾਂ ਨੇ ਇਸ ਨੂੰ ਖਰਾਬ ਕਰ ਦਿੱਤਾ ਹੈ। ਮਾਰਕਰ ਨਾਲ ਨੰਬਰ ਲਿਖ ਦਿੱਤੇ ਹਨ। ਅਧਿਕਾਰੀਆਂ ਨੇ ਇਨ੍ਹਾਂ ਅਨਮੋਲ ਚੀਜ਼ਾਂ ਨੂੰ ਸੰਭਾਲਣ ਦੇ ਮਾਮਲੇ ਵਿੱਚ ਲਾਪਰਵਾਹੀ ਵਰਤੀ। ਇਸ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ, ਇਸ ਦਾ ਸਰਕਾਰ ਮੁਆਵਜ਼ਾ ਦੇਵੇ ਜਾਂ ਨਵਾਂ ਸਾਮਾਨ ਲਿਆ ਕੇ ਦੇਵੇ। ਹਾਈ ਕੋਰਟ ਨੇ ਇਸ 'ਤੇ ਕੋਈ ਫੈਸਲਾ ਨਹੀਂ ਦਿੱਤਾ, ਪਰ ਮਾਮਲੇ ਵਿੱਚ ਸਹਿ ਦੋਸ਼ੀ ਨਜ਼ੀਬ ਦੇ ਕਰੀਬੀ ਅਤੇ ਯੂ ਐਮ ਐਨ ਓ ਦੇ ਨੇਤਾ ਮੂਸਾ ਅਮਨ ਨੂੰ ਬਰੀ ਕਰ ਦਿੱਤਾ। ਮਲੇਸ਼ੀਆ ਪੁਲਸ ਨਜ਼ੀਬ ਰਜ਼ਾਕ ਦੀ ਕਰੋੜਾਂ ਦੀ ਜਾਇਦਾਦ ਜ਼ਬਤ ਕਰ ਚੁੱਕੀ ਹੈ। ਉਨ੍ਹਾਂ ਦੇ ਛੇ ਟਿਕਾਣਿਆਂ 'ਤੇ ਛਾਪਾ ਮਾਰ ਕੇ ਪੰਜ ਟਰੱਕ ਸਾਮਾਨ ਜ਼ਬਤ ਕੀਤਾ ਗਿਆ ਸੀ। ਇਨ੍ਹਾਂ ਵਿੱਚ ਨਜ਼ੀਬ ਦੀ ਪਤਨੀ ਦੇ 500 ਪਰਸ ਅਤੇ 12000 ਜਿਊਲਰੀ ਆਈਟਮਜ਼ ਵੀ ਹਨ। ਇਨ੍ਹਾਂ ਦੀ ਕੀਮਤ ਕਰੀਬ 2000 ਕਰੋੜ ਰੁਪਏ ਆਂਕੀ ਗਈ ਹੈ।

# ਅਸਮਾਨ 'ਚ ਲੜਾਕੂ ਜਹਾਜ਼ ਦੇਖ ਕੇ ਪਾਕਿਸਤਾਨੀ ਸਮਝੇ: ਭਾਰਤ ਨੇ ਫਿਰ ਹਮਲਾ ਕਰ ਦਿੱਤੈ

ਕਰਾਚੀ, 11 ਜੂਨ (ਪੋਸਟ ਬਿਊਰੋ)- ਪਾਕਿਸਤਾਨ 'ਚ ਕਰਾਚੀ ਕੋਲ ਕੱਲ੍ਹ ਰਾਤ ਤੋਂ ਕੁਝ ਹੱਲਚੱਲ ਹੋ ਰਹੀ ਸੀ। ਅਸਮਾਨ 'ਚ ਆਉਂਦੀ ਲੜਾਕੂ ਜਹਾਜ਼ਾਂ ਦੀ ਆਵਾਜ਼ ਅਤੇ ਲਗਾਤਾਰ ਘੁੰਮਦੇ ਜਹਾਜ਼ਾਂ ਨਾਲ ਪਾਕਿਸਤਾਨ 'ਚ ਇੱਕ ਵਾਰ ਫਿਰ ਡਰ ਪੈ ਗਿਆ। ਕੱਲ੍ਹ ਸਵੇਰੇ ਟਵਿੱਟਰ 'ਤੇ ਕਰਾਚੀ ਲਗਾਤਾਰ ਅੱਵਲ ਟਰੈਂਡ ਬਣਿਆ ਰਿਹਾ ਤੇ ਪਾਕਿਸਤਾਨ ਦੇ ਲੋਕ ਟਵੀਟ ਕਰਦੇ ਰਹੇ ਕਿ ਭਾਰਤ ਨੇ ਫਿਰ ਕੁਝ ਵੱਡਾ ਕਰ ਦਿੱਤਾ ਹੈ।

ਪਾਕਿਸਤਾਨ ਦੇ ਕਈ ਟਵਿੱਟਰ ਯੂਜ਼ਰਸ ਨੇ ਦਾਅਵਾ ਕੀਤਾ ਕਿ ਕਰਾਚੀ ਵਿੱਚ ਕੱਲ੍ਹ ਰਾਤ ਪੂਰੀ ਤਰ੍ਹਾਂ ਹਨੇ੍ਹਰਾ ਹੋ ਗਿਆ ਅਤੇ ਅਸਮਾਨ 'ਚ ਸਿਰਫ਼ ਲੜਾਕੂ ਜਹਾਜ਼ ਹੀ ਘੁੰਮ ਰਹੇ ਸਨ। ਲੋਕਾਂ ਨੇ ਲਿਖਿਆ ਕਿ ਸਾਨੂੰ ਰਾਤ ਨੂੰ ਅਜਿਹਾ ਲੱਗਾ ਕਿ ਇੱਕ ਵਾਰ ਫਿਰ ਭਾਰਤ ਨੇ ਬਾਲਾਕੋਟ ਏਅਰ ਸਟਰਾਈਕ ਵਰਗਾ ਕੁਝ ਕੀਤਾ ਹੈ। ਖੁਦ ਨੂੰ ਕਰਾਚੀ ਦੇ ਵਾਸੀ ਹੋਣ ਦਾ ਦਾਅਵਾ ਕਰਨ ਵਾਲੇ ਇੱਕ ਟਵਿੱਟਰ ਯੂਜ਼ਰ ਨੇ ਲਿਖਿਆ, ''ਮੈਂ ਏਅਰਪੋਰਟ 'ਤੇ ਜੈਟ ਪਲੇਨ ਦੇਖੇ ਸਨ, ਮੈਨੂੰ ਲੱਗ ਰਿਹਾ ਹੈ ਕਿ ਕਰਾਚੀ ਦੇ ਉਪਰ ਬਹੁਤ ਸਾਰੇ ਲੜਾਕੂ ਜਹਾਜ਼ ਉਡ ਰਹੇ ਹਨ।' ਪਾਕਿਸਤਾਨੀ ਪੱਤਰਕਾਰ ਵਜ ਖ਼ਾਨ ਨੇ ਵੀ ਟਵੀਟ ਕਰ ਕੇ ਲਿਖਿਆ, ''ਭਾਰਤ ਅਤੇ ਪਾਕਿਤਾਨ ਨੂੰ ਸਫ਼ਾਈ ਦੇਣੀ ਚਾਹੀਦੀ ਹੈ ਕਿ ਕੀ ਹੋ ਰਿਹਾ ਹੈ, ਕਿਉਂਕਿ ਕਰਾਚੀ ਸ਼ਹਿਰ 'ਚ ਬਹੁਤ ਤਰ੍ਹਾਂ ਦੀਆਂ ਅਫਵਾਹਾਂ ਫੈਲ ਰਹੀਆਂ ਹਨ, ਜੋ ਲੋਕਾਂ 'ਚ ਡਰ ਪੈਦਾ ਕਰ ਰਹੀਆਂ ਹਨ।'

ਦਰਅਸਲ ਪਾਕਿਸਤਾਨੀ ਏਅਰਫੋਰਸ ਪਿਛਲੇ ਕੁਝ ਦਿਨਾਂ ਤੋਂ ਕਰਾਚੀ ਕੋਲ ਯੁੱਧ ਅਭਿਆਸ 'ਹਾਈ ਮਾਰਕ' ਕਰ ਰਹੀ ਹੈ, ਜਿਸ 'ਵਿੱ ਵੱਡੇ ਲੜਾਕੂ ਜਹਾਜ਼ ਉਡਾਏ ਜਾ ਰਹੇ ਹਨ, ਪਰ ਪਾਕਿਸਤਾਨੀਆਂ 'ਚ ਬਾਲਾਕੋਟ ਦਾ ਡਰ ਹਾਲੇ ਤੱਕ ਇੰਨਾ ਸਮਾਇਆ ਹੋਇਆ ਹੈ ਕਿ ਉਹ ਲੜਾਕੂ ਜਹਾਜ਼ ਦੀ ਆਵਾਜ਼ ਤੋਂ ਘਬਰਾ ਜਾਂਦੇ ਹਨ। ਭਾਰਤ ਨੇ ਪੁਲ-ਵਾਮਾ ਅੱਤਵਾਦੀ ਹਮਲੇ ਤੋਂ ਬਾਅਦ ਬਾਲਾਕੋਟ 'ਚ ਏਅਰ ਸਟਰਾਈਕ ਕੀਤੀ ਸੀ ਤੇ ਅੱਤਵਾਦੀ ਅੱਡਿਆਂ ਨੂੰ ਨਿਸ਼ਾਨਾ ਬਣਾਇਆ ਸੀ। ਉਦੋਂ ਅੱਧੀ ਰਾਤ ਨੂੰ ਪਾਕਿਸਤਾਨ ਦੀ ਹਵਾਈ ਫੌਜ ਕੁਝ ਨਹੀਂ ਕਰ ਸਕੀ ਸੀ। ਉਸ ਸਰਜੀਕਲ ਸਟਰਾਈਕ ਨੂੰ ਯਾਦ ਕਰ ਕੇ ਇੱਕ ਵਾਰ ਫਿਰ ਪਾਕਿਸਤਾਨੀ ਸਹਿਮ ਉਠੇ ਹਨ।

# ਨੀਰਵ ਅਤੇ ਚੋਕਸੀ ਦੇ 1350 ਕਰੋੜ ਦੇ ਹੀਰੇ, ਮੋਤੀ ਅਤੇ ਗਹਿਣੇ ਈ ਡੀ ਭਾਰਤ ਲਿਆਈ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਭਾਰਤ ਤੋਂ ਕਰੋੜਾਂ ਦਾ ਘਪਲਾ ਕਰ ਕੇ ਦੌੜ ਚੁੱਕੇ ਡਾਇਮੰਡ ਕਾਰੋਬਾਰੀ ਨੀਰਵ ਮੋਦੀ ਅਤੇ ਮੇਹੁਲ ਚੋਕਸੀ ਦੇ ਕੇਸ ਵਿੱਚ ਈ ਡੀ ਨੇ ਵੱਡੀ ਕਾਰਵਾਈ ਕੀਤੀ ਅਤੇ ਦੋਵਾਂ ਦੇ 1350 ਕਰੋੜ ਰੁਪਏ ਦੇ ਹੀਰੇ, ਮੋਤੀ, ਗਹਿਣੇ ਜ਼ਬਤ ਕਰ ਕੇ ਹਾਂਗਕਾਂਗ ਦੀਆਂ ਫਰਮਾਂ ਤੋਂ ਵਾਪਸ ਲਿਆਂਦੇ ਹਨ।

ਵਰਨਣ ਯੋਗ ਹੈ ਕਿ ਇਹ ਕੀਮਤੀ ਸਾਮਾਨ ਹਾਂਗਕਾਂਗ 'ਚ ਇੱਕ ਲੌਜਿਸਟਿਕਸ ਕੰਪਨੀ ਦੇ ਗੋਦਾਮ ਵਿੱਚ ਰੱਖਿਆ ਗਿਆ ਸੀ। ਨੀਰਵ ਮੋਦੀ ਤੇ ਮੇਹੁਲ ਚੋਕਸੀ ਪੰਜਾਬ ਨੈਸ਼ਨਲ ਬੈਂਕ 'ਚ 14 ਹਜ਼ਾਰ ਕਰੋੜ ਰੁਪਏ ਤੋਂ ਵਧ ਦਾ ਘਪਲਾ ਕਰ ਕੇ ਭਾਰਤ ਤੋਂ ਦੌੜ ਚੁੱਕੇ ਹਨ। ਇਨ੍ਹਾਂ ਦੋਵਾਂ ਵਿਰੁੱਧ ਈ ਡੀ ਲਗਾਤਾਰ ਕਾਰਵਾਈ ਕਰ ਰਹੀ ਹੈ ਤੇ ਇਨ੍ਹਾਂ ਨੂੰ ਭਾਰਤ ਵਾਪਸ ਲਿਆਉਣ ਦੀ ਕੋਸ਼ਿਸ਼ ਹੋ ਰਹੀ ਹੈ। ਭਾਰਤ ਵਾਪਸ ਲਿਆਂਦੇ 108 ਕੰਸਾਈਨਮੈਂਟ ਵਿੱਚੋਂ 32 ਨੀਵਰ ਮੋਦੀ ਦੇ ਅਤੇ 76 ਮੇਹੁਲ ਚੋਕਸੀ ਦੇ ਹਨ। ਇਸ ਤੋਂ ਪਹਿਲਾਂ ਈ ਡੀ ਨੀਰਵ ਮੋਦੀ ਅਤੇ ਮੇਹੁਲ ਚੋਕਸੀ ਦੀਆਂ 33 ਕੰਸਾਈਨਮੈਂਟ ਦੁਬਈ ਅਤੇ ਹਾਂਗਕਾਂਗ ਤੋਂ ਜ਼ਬਤ ਕਰ ਕੇ ਵਾਪਸ ਭਾਰਤ ਲਿਆਈ ਸੀ, ਜਿਨ੍ਹਾਂ ਦੀ ਕੀਮਤ 137 ਕਰੋੜ ਸੀ।

# ਨਾਈਜੀਰੀਆ ਵਿੱਚ ਬੋਕੋ ਹਰਾਮ ਨੇ 69 ਲੋਕਾਂ ਦਾ ਕਤਲ ਕੀਤਾ

ਮੈਦੁਗੁਰੀ (ਨਾਈਜੀਰੀਆ), 11 ਜੂਨ (ਪੋਸਟ ਬਿਊਰੋ)- ਨਾਈਜੀਰੀਆ ਦੇ ਉਤਰ ਪੂਰਬੀ ਇਲਾਕੇ ਵਿੱਚ ਅੱਤਵਾਦੀ ਸੰਗਠਨ ਬੋਕੋ ਹਰਮ ਦੇ ਸ਼ੱਕੀ ਮੈਂਬਰਾਂ ਨੇ 69 ਲੋਕਾਂ ਦਾ ਕਤਲ ਕਰ ਦਿੱਤਾ ਹੈ।

ਸਥਾਨਕ ਵਸਨੀਕਾਂ ਨੇ ਦੱਸਿਆ ਕਿ ਹਮਲਾ ਕੁਝ ਹਫਤੇ ਪਹਿਲਾਂ ਇਸ ਹਮਲੇ ਦੇ ਵਿਰੋਧ ਕਾਰਨ ਬੋਰਨੋ ਸੂਬੇ ਦੇ ਗੁਬੀਓ ਖੇਤਰ 'ਚ ਫੁਡੋਮਾ ਕੋਲੋਮਿਆ ਪਿੰਡ ਵਿੱਚ ਮੰਗਲਵਾਰ ਨੂੰ ਹਮਲਾ ਕੀਤਾ ਗਿਆ ਸੀ। ਸਥਾਨਕ ਰੱਖਿਆ ਫੋਰਸ ਦੇ ਮੈਂਬਰ ਰਾਈਬੂ ਈਸਾ ਨੇ ਕਿਹਾ, ਅੱਤਵਾਦੀ ਮੋਟਰ ਸਾਈਕਲਾਂ ਅਤੇ ਹੋਰ ਵਾਹਨਾਂ 'ਤੇ ਆਏ ਅਤੇ ਦੋ ਘੰਟੇ ਜ਼ਬਰਦਸਤ ਹਮਲਾ ਕੀਤਾ। ਉਸ ਨੇ ਕਿਹਾ, 69 ਲਾਸ਼ਾਂ ਮਿਲੀਆਂ ਹਨ, ਪਰ ਮ੍ਰਿਤਕਾਂ ਦੀ ਗਿਣਤੀ ਵੱਧ ਸਕਦੀ ਹੈ ਕਿਉਂਕਿ ਬਹੁਤ ਸਾਰੇ ਲੋਕ ਲਾਪਤਾ ਹਨ। ਸਥਾਨਕ ਰੱਖਿਆ ਗਰੁੱਪ ਦੇ ਨੇਤਾ ਮਲਮ ਬਨੂੰ ਨੇ ਦੱਸਿਆ ਕਿ ਹਮਲਾਵਰ ਕੱਲ੍ਹ ਸਵੇਰੇ ਵੀ ਇੱਕ ਚਰਵਾਹੇ ਨੂੰ ਮਾਰਨ ਆਏ ਸਨ, ਜੋ ਹਮਲੇ ਵਿੱਚ ਬਚ ਗਿਆ ਸੀ। ਅੱਤਵਾਦੀਆਂ ਨੇ ਭੱਜਣ ਤੋਂ ਪਹਿਲਾਂ ਪੂਰੇ ਪਿੰਡ ਨੂੰ ਅੱਗ ਲਾ ਦਿੱਤੀ। ਗੂਬੀਓ ਬੋਰਨੋ ਰਾਜ ਦੀ ਰਾਜਧਾਨੀ ਮੰਦੁਗੁੜੀ ਤੋਂ ਲਗਭਗ 100 ਕਿਲੋਮੀਟਰ ਉੱਤਰ ਪੱਛਮ ਵਿੱਚ ਸਥਿਤ ਹੈ। ਇਥੋਂ ਦੇ ਜ਼ਿਆਦਾਤਰ ਲੋਕ ਪਸ਼ੂ ਪਾਲਣ ਨਾਲ ਜੁੜੇ ਹੋਏ ਹਨ ਅਤੇ ਉਹ ਅਕਸਰ ਬੋਕੋਹਰਮ ਦੇ ਹਮਲੇ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ।

# ਭਾਰਤੀ ਖਿਡਾਰਨ ਸੰਜੀਤਾ ਉੱਤੇ ਡੋਪਿੰਗ ਦੇ ਦੋਸ਼ ਰੱਦ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਅੰਤਰਰਾਸ਼ਟਰੀ ਵੇਟਲਿਫਟਰ ਫੈਡਰੇਸ਼ਨ (ਆਈ ਡਬਲਯੂ ਐੱਫ) ਨੇ ਭਾਰਤੀ ਵੇਟਲਿਫਟਰ ਸੰਜੀਤਾ ਚਾਨੂ ਦੇ ਖਿਲਾਫ ਲਾਏ ਡੋਪਿੰਗ ਦੇ ਦੋਸ਼ਾਂ ਨੂੰ ਉਨ੍ਹਾਂ ਦੇ ਨਮੂਨਿਆਂ ਵਿੱਚ ਇਕਰੂਪਤਾ ਨਾ ਪਾਏ ਜਾਣ ਤੋਂ ਬਾਅਦ ਰੱਦ ਕਰ ਦਿੱਤਾ ਹੈ ਜਿਸ ਤੋਂ ਬਾਅਦ ਕਾਮਨਵੈੱਲਥ ਖੇਡਾਂ ਦੀ ਗੋਲਡ ਮੈਡਲ ਜੇਤੂ ਖਿਡਾਰਨ ਨੇ ਮੁਆਫੀ ਮੰਗਣ ਤੇ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ। ਆਈ ਡਬਲਯੂ ਐੱਫ ਨੇ ਵਿਸ਼ਵ ਡੋਪਿੰਗ ਰੋਕੂ ਏਜੰਸੀ (ਵਾਡਾ) ਦੀਆਂ ਸਿਫਾਰਸ਼ਾਂ ਦੇ ਆਧਾਰ 'ਤੇ ਇਹ ਫੈਸਲਾ ਕੀਤਾ ਹੈ।



ਵਰਨਣ ਯੋਗ ਹੈ ਕਿ ਇਹ 26 ਸਾਲਾ ਵੇਟਲਿਫਟਰ ਸ਼ੁਰੂ ਤੋਂ ਹੀ ਖੁਦ ਨੂੰ ਨਿਰਦੋਸ਼ ਦੱਸ ਰਹੀ ਸੀ। ਉਨ੍ਹਾਂ ਨੂੰ ਆਈ ਡਬਲਯੂ ਐੱਫ ਦੇ ਕਾਨੂੰਨੀ ਸਲਾਹਕਾਰ ਲੀਲਾ ਸਾਗੀ ਦੇ ਦਸਖਤਾਂ ਵਾਲੀ ਈ-ਮੇਲ ਨਾਲ ਆਖਰੀ ਫੈਸਲੇ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਚਾਨੂ ਨੇ ਕਿਹਾ ਕਿ ਮੈਂ ਬਹੁਤ ਖੁਸ਼ ਹਾਂ ਕਿ ਆਖਰ ਮੈਨੂੰ ਅਧਿਕਾਰਕ ਤੌਰ 'ਤੇ ਡੋਪਿੰਗ ਦੇ ਦੋਸ਼ ਤੋਂ ਮੁਕਤ ਕਰ ਦਿੱਤਾ ਗਿਆ ਹੈ, ਪਰ ਇਸ ਵਿਚਾਲੇ ਮੈਂ ਜੋ ਮੌਕੇ ਗੁਆਏ, ਉਨ੍ਹਾਂ ਦਾ ਕੀ ਹੋਵੇਗਾ। ਮੈਂ ਜਿਸ ਮਾਨਸਿਕ ਦੁੱਖ 'ਚੋਂ ਗੁਜ਼ਰੀ ਹਾਂ, ਉਸ ਦੀ ਜ਼ਿੰਮੇਵਾਰੀ ਕੌਣ ਲਵੇਗਾ। ਹਰ ਪੱਧਰ 'ਤੇ ਕੀਤੀਆਂ ਗਲਤੀਆਂ ਦੀ ਜ਼ਿੰਮੇਵਾਰੀ ਕੌਣ ਲਵੇਗਾ। ਤੁਸੀਂ ਇੱਕ ਖਿਡਾਰੀ ਨੂੰ ਆਖਰੀ ਫੈਸਲਾ ਆਏ ਬਿਨਾਂ ਸਾਲਾਂ ਤੱਕ ਸਸਪੈਂਡ ਕਰ ਦਿੰਦੇ ਹੋ ਤੇ ਇੱਕ ਦਿਨ ਤੁਸੀਂ ਮੇਲ ਭੇਜ ਕੇ ਕਹਿੰਦੇ ਹੋ ਕਿ ਦੋਸ਼ਾਂ ਤੋਂ ਮੁਕਤ ਕੀਤਾ ਜਾਂਦਾ ਹੈ। ਕੀ ਇਹ ਕਿਸੇ ਤਰ੍ਹਾਂ ਦਾ ਮਜ਼ਾਕ ਹੈ। ਕੀ ਆਈ ਡਬਲਯੂ ਐੱਫ ਖਿਡਾਰੀ ਦੇ ਕਰੀਅਰ ਦੀ ਪ੍ਰਵਾਹ ਨਹੀਂ ਕਰਦਾ। ਕੀ ਮੇਰੇ ਓਲੰਪਿਕ ਦੇ ਮੌਕਿਆਂ ਨੂੰ ਖਤਮ ਕਰਨਾ ਆਈ ਡਬਲਯੂ ਐੱਫ ਦੀ ਸੋਚ ਸੀ। ਆਈ ਡਬਲਯੂ ਐੱਫ ਨੂੰ ਮੁਆਫੀ ਮੰਗਣੀ ਪਵੇਗੀ। ਇਸ ਲਈ ਜ਼ਿੰਮੇਵਾਰ ਸੰਗਠਨ ਜਾਂ ਵਿਅਕਤੀ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਆਈ ਡਬਲਯੂ ਐੱਫ ਤੋਂ ਮੁਆਵਜ਼ੇ ਦੀ ਮੰਗ ਲਈ ਅਪੀਲ ਕਰਾਂਗੀ।

# ਡਾ. ਤ੍ਰੇਹਨ ਸਣੇ 16 ਖ਼ਿਲਾਫ਼ ਮਨੀ-ਲਾਂਡਰਿੰਗ ਦਾ ਕੇਸ ਦਾਇਰ

### * 'ਮੈਡੀਸਿਟੀ' ਲਈ 53 ਏਕੜ ਜ਼ਮੀਨ ਅਲਾਟਮੈਂਟ ਵਿੱਚ ਘਪਲਾ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਗੁੜਗਾਉਂ ਦੇ ਮੇਦਾਂਤਾ ਹਸਪਤਾਲ ਲਈ ਜ਼ਮੀਨ ਅਲਾਟ ਕਰਨ ਦੇ ਕੇਸ ਸਬੰਧੀ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਹਿਰਦੇ ਰੋਗਾਂ ਦੇ ਉਘੇ ਡਾਕਟਰ ਡਾ. ਨਰੇਸ਼ ਤ੍ਰੇਹਨ ਤੇ ਹੋਰਨਾਂ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਦਾਇਰ ਕੀਤਾ ਹੈ। ਡਾ. ਤ੍ਰੇਹਨ ਮੇਦਾਂਤਾ ਹਸਪਤਾਲ ਦੇ ਸਹਿ-ਸੰਸਥਾਪਕ ਹਨ।

ਅਧਿਕਾਰੀਆਂ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਗੁੜਗਾਉਂ ਪੁਲਸ ਵੱਲੋਂ ਤ੍ਰੇਹਨ ਸਣੇ 16 ਜਣਿਆਂ ਖ਼ਿਲਾਫ਼ ਪਿਛਲੇ ਹਫ਼ਤੇ ਦਰਜ ਕੇਸ ਦੇ ਆਧਾਰ ਉਤੇ ਕੇਂਦਰੀ ਜਾਂਚ ਏਜੰਸੀ ਨੇ ਮਨੀ ਲਾਂਡਰਿੰਗ ਰੋਕੂ ਐਕਟ ਹੇਠ ਫੌਜਦਾਰੀ ਕੇਸ ਦਾਇਰ ਕੀਤਾ ਹੈ। ਪੁਲਸ ਸ਼ਿਕਾਇਤ ਵਿੱਚ ਦਰਜ ਸਾਰੇ ਮੁਲਜ਼ਮਾਂ ਨੂੰ ਈ ਡੀ ਨੇ ਕੇਸ ਵਿੱਚ ਸ਼ਾਮਲ ਕਰ ਲਿਆ ਹੈ ਅਤੇ ਇਸ ਬਾਰੇ ਪੁਲਸ ਦਾ ਕਹਿਣਾ ਹੈ ਕਿ ਗੁੜਗਾਉਂ ਦੀ ਐਡੀਸ਼ਨਲ ਸੈਸ਼ਨ ਕੋਰਟ ਦੇ ਆਦੇਸ਼ਾਂ 'ਤੇ ਸੈਕਟਰ 38 ਵਿੱਚ 'ਮੈਡੀਸਿਟੀ' ਲਈ 53 ਏਕੜ ਜ਼ਮੀਨ ਅਲਾਟ ਕਰਨ ਵਿੱਚ ਧਾਂਦਲੀਆਂ ਬਾਰੇ ਕੇਸ ਦਰਜ ਕੀਤਾ ਗਿਆ ਸੀ। ਇਹ ਜ਼ਮੀਨ ਸਾਲ 2004 ਵਿੱਚ ਅਲਾਟ ਕਰਨ ਮੌਕੇ ਸਥਾਨਕ ਲੋਕਾਂ ਨੂੰ ਸੈਕਟਰ 38 ਤੋਂ ਉਠਾਇਆ ਗਿਆ ਸੀ। ਇਸ ਦਾ ਕੇਸ ਪਿਛਲੇ ਹਫ਼ਤੇ ਗੁੜਗਾਉਂ ਸਦਰ ਥਾਣੇ ਵਿੱਚ ਦਰਜ ਕੀਤਾ ਗਿਆ ਸੀ ਅਤੇ ਦੋਸ਼ੀਆਂ ਨੂੰ ਮਨੀ ਲਾਂਡਰਿੰਗ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਨਾਮਜ਼ਦ ਕੀਤਾ ਗਿਆ ਸੀ। ਦੂਜੇ ਪਾਸੇ ਮੇਦਾਂਤਾ ਦੇ ਬੁਲਾਰੇ ਨੇ ਕੇਸ ਵਿਚਲੇ ਦੋਸ਼ਾਂ ਨੂੰ ਗਲਤ ਤੇ ਨਿਰਆਧਾਰ ਦੱਸਿਆ ਹੈ। ਇਸ ਕੇਸ ਵਿੱਚ ਨਾਮਜ਼ਦ ਤ੍ਰੇਹਨ ਤੋਂ ਇਲਾਵਾ ਬਾਕੀ 15 ਜਣੇ ਸਰਕਾਰੀ ਅਧਿਕਾਰੀ ਹਨ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.

Seema Bhayana

iccrc



Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



Paramjit Deol
Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.

Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $749,000**


**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**


**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandform-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.


**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਪੀਲ ਪੁਲਿਸ ਸਰਵਿਸਿਜ਼ ਬੋਰਡ ਜਵਾਬਦੇਹੀ ਤੈਅ ਕਰਨ ਤੇ ਜਨਤਾ ਦਾ ਭਰੋਸਾ ਜਿੱਤਣ ਲਈ ਹਰ ਕਦਮ ਚੁੱਕੇਗਾ : ਚੱਠਾ

ਓਨਟਾਰੀਓ, 11 ਜੂਨ (ਪੋਸਟ ਬਿਊਰੋ) : ਪੀਲ ਪੁਲਿਸ ਸਰਵਿਸਿਜ਼ ਬੋਰਡ ਦੇ ਚੇਅਰ ਰੌਨ ਚੱਠਾ ਨੇ ਆਖਿਆ ਕਿ ਆਪਣੇ ਬੋਰਡ ਦੇ ਕੁਲੀਗਜ਼ ਦੇ ਪੱਖ ਉੱਤੇ ਉਹ ਇਹ ਆਖਣਾ ਚਾਹੁੰਦੇ ਹਨ ਕਿ ਇਸ ਸਮੇਂ ਪੀਲ ਰੀਜਨ ਤੇ ਪੂਰੇ ਨੌਰਥ ਅਮੈਰਿਕਾ ਦੇ ਬਹੁਤ ਸਾਰੇ ਲੋਕਾਂ ਵਿੱਚ ਜਿਹੜੀ ਬੇਚੈਨੀ, ਡਰ ਤੇ ਗੁੱਸਾ ਪਾਇਆ ਜਾ ਰਿਹਾ ਹੈ ਅਸੀਂ ਉਸ ਨੂੰ ਮਹਿਸੂਸ ਕਰ ਸਕਦੇ ਹਾਂ।



ਕੈਨੇਡਾ ਦੇ ਸੱਭ ਤੋਂ ਵੰਨ-ਸੁਵੰਨੇ ਖਿੱਤਿਆਂ ਵਿੱਚੋਂ ਇੱਕ ਵਿੱਚ ਕੰਮ ਕਰ ਰਹੀ ਪੀਲ ਰੀਜਨਲ ਪੁਲਿਸ ਤੇ ਪੁਲਿਸ ਸਰਵਿਸਿਜ਼ ਬੋਰਡ ਉਨ੍ਹਾਂ ਸਾਰਿਆਂ ਦੇ ਨਾਲ ਹੈ ਜਿਨ੍ਹਾਂ ਦੇ ਦਿਲ ਪਿੱਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਨ ਟੁੱਟ ਗਏ ਹਨ ਤੇ ਜਿਨ੍ਹਾਂ ਦੇ ਵਜੂਦ ਝੰਜੋੜੇ ਜਾ ਚੁੱਕੇ ਹਨ। ਚੱਠਾ ਨੇ ਆਖਿਆ ਕਿ ਉਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਸਾਡਾ ਇਹ ਬੋਰਡ ਹਮੇਸ਼ਾਂ ਜਵਾਬਦੇਹੀ ਤੈਅ ਕਰਕੇ ਹੀ ਕੰਮ ਕਰੇਗਾ ਤੇ ਅਸੀਂ ਕਿਸੇ ਵੀ ਤਰ੍ਹਾਂ ਦਾ ਫੈਸਲਾ ਲੋਕਾਂ ਦੇ ਭਰੋਸੇ ਨੂੰ ਧਿਆਨ ਵਿੱਚ ਰੱਖਕੇ ਹੀ ਕਰਾਂਗੇ।

ਉਨ੍ਹਾਂ ਆਖਿਆ ਕਿ ਅਜੇ ਪਿਛਲੇ ਸਾਲ ਹੀ ਅਸੀਂ ਤੀਜੀ ਪਾਰਟੀ ਤੋਂ ਕਰਵਾਏ ਗਏ ਇਕੁਇਟੀ ਆਡਿਟ (equity audit) ਦੇ ਮੁਲਾਂਕਣ ਦੀ ਰਿਪੋਰਟ ਰਲੀਜ਼ ਕੀਤੀ ਸੀ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਅਸੀਂ ਗੁੱਝੇ ਝੁਕਾਅ ਦੀ ਪਛਾਣ ਕਰ ਸਕੀਏ ਤੇ ਆਪਣੀਆਂ ਸੱਭਿਆਚਾਰਕ ਸਮਰੱਥਾਵਾਂ ਨੂੰ ਮਜ਼ਬੂਤ ਕਰ ਸਕੀਏ। ਇਸ ਤੋਂ ਇਲਾਵਾ ਅਸੀਂ ਇਹ ਵੀ ਯਕੀਨੀ ਬਣਾਉਣਾ ਚਾਹੁੰਦੇ ਸੀ ਕਿ ਸਾਡੇ ਵਰਦੀਧਾਰੀ ਅਤੇ ਸਿਵੀਲੀਅਨ ਮੈਂਬਰ ਪੀਲ ਦੀਆਂ ਕਮਿਊਨਿਟੀਜ਼ ਦੇ ਮੈਂਬਰਾਂ ਨਾਲ ਸਹੀ ਢੰਗ ਨਾਲ ਰਾਬਤਾ ਕਾਇਮ ਕਰਨ ਲਈ ਪੂਰੀ ਤਰ੍ਹਾਂ ਸਿੱਖਿਅਤ ਹਨ।

ਪਿਛਲੇ ਸਾਲ ਅਕਤੂਬਰ ਵਿੱਚ ਅਸੀਂ ਨਵੇਂ ਪੁਲਿਸ ਚੀਫ ਵਜੋਂ ਨਿਸ਼ਾਨ ਦੁਰੱਈਅੱਪਾਹ ਨੂੰ ਨਿਯੁਕਤ ਕੀਤਾ ਸੀ। ਜਿਹੜੇ ਪੁਲਿਸ ਸਰਵਿਸ ਵਿੱਚ ਸੁਧਾਰ ਅਤੇ ਨਸਲਵਾਦ, ਗੁੱਝੇ ਝੁਕਾਅ ਨੂੰ ਖਤਮ ਕਰਨ ਦੇ ਨਾਲ ਨਾਲ ਕਮਿਊਨਿਟੀ ਦੀ ਬਿਹਤਰ ਸੇਵਾ ਲਈ ਪੁਲਿਸ ਅਧਿਕਾਰੀਆਂ ਨੂੰ ਸਹੀ ਟਰੇਨਿੰਗ ਤੇ ਸੇਧ ਦੇਣ ਲਈ ਵਚਨਬੱਧ ਹਨ।

ਬੋਰਡ ਦੇ ਨਾਲ ਨੇੜਿਓਂ ਕੰਮ ਕਰਦਿਆਂ ਹੋਇਆਂ ਉਹ ਕਮਿਊਨਿਟੀ ਦੀ ਸੇਫਟੀ ਤੇ ਭਲਾਈ ਲਈ ਵੀ ਵਚਨਬੱਧ ਹਨ।

ਉਨ੍ਹਾਂ ਅੱਗੇ ਆਖਿਆ ਕਿ ਪਿੱਛੇ ਜਿਹੇ ਕਮਿਊਨਿਟੀ ਤੇ ਪੀਲ ਦੇ ਚੁਣੇ ਹੋਏ ਅਧਿਕਾਰੀਆਂ ਵੱਲੋਂ ਪੁਲਿਸ ਅਧਿਕਾਰੀਆਂ ਦੀਆਂ ਵਰਦੀਆਂ ਉੱਤੇ ਕੈਮਰੇ ਲਾਏ ਜਾਣ ਦੀਆਂ ਗੁਜ਼ਾਰਿਸ਼ਾਂ ਬੋਰਡ ਤੇ ਪੀਲ ਰੀਜਨਲ ਪੁਲਿਸ ਨੂੰ ਹਾਸਲ ਹੋਈਆਂ। ਬੋਰਡ ਵਜੋਂ ਅਸੀਂ ਜਵਾਬਦੇਹੀ ਤੇ ਜਨਤਾ ਦਾ ਭਰੋਸਾ ਹਾਸਲ ਕਰਨਾ ਯਕੀਨੀ ਬਣਾਉਣ ਲਈ ਨਵੇਂ ਮੌਕਿਆਂ ਦਾ ਹਮੇਸ਼ਾਂ ਸਵਾਗਤ ਕੀਤਾ ਹੈ। ਇਨ੍ਹਾਂ ਨਵੇਂ ਮਾਪਦੰਡਾਂ ਬਾਰੇ ਅਸੀਂ ਜੂਨ ਦੇ ਅੰਤ ਵਿੱਚ ਹੋਣ ਵਾਲੀ ਬੋਰਡ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਜ਼ਰੂਰ ਕਰਾਂਗੇ।

# ਕੈਨੇਡਾ ਵਿੱਚ ਵੀ ਨਸਲਵਾਦ ਹੈ, ਇਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ : ਫਰੀਲੈਂਡ

ਓਟਵਾ, 11 ਜੂਨ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਕੈਨੇਡਾ ਦੀ ਪੁਲਿਸ ਨੂੰ ਇਹ ਮੰਨ ਕੇ ਚੱਲਣਾ ਹੋਵੇਗਾ ਕਿ ਨਸਲਵਾਦ ਸੱਚਮੱਚ ਹੈ। ਇਸ ਤੋਂ ਪੁਲਿਸ ਇਨਕਾਰੀ ਨਹੀਂ ਹੋ ਸਕਦੀ ਤੇ ਨਾ ਹੀ ਪੁਲਿਸ ਨੂੰ ਇਸ ਸਬੰਧ ਵਿੱਚ ਕਿਸੇ ਖੁਸ਼ਫਹਿਮੀ ਦਾ ਸ਼ਿਕਾਰ ਹੋਣਾ ਚਾਹੀਦਾ ਹੈ।



ਅਲਬਰਟਾ ਵਿੱਚ ਆਰਸੀਐਮਪੀ ਦੇ ਕਮਾਂਡਿੰਗ ਆਫੀਸਰ ਵੱਲੋਂ ਪੁਲਿਸ ਵਿੱਚ ਨਸਲਵਾਦ ਮੌਜੂਦ ਹੋਣ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਫਰੀਲੈਂਡ ਨੇ ਇਹ ਟਿੱਪਣੀ ਕੀਤੀ। ਨਸਲਵਾਦ ਤੇ ਪੁਲਿਸ ਦੇ ਜ਼ੁਲਮ ਖਿਲਾਫ ਕੈਨੇਡਾ ਤੇ ਦੁਨੀਆਂ ਭਰ ਵਿੱਚ ਚੱਲ ਰਹੇ ਮੁਜ਼ਾਹਰਿਆਂ ਤੋਂ ਬਾਅਦ ਇਹ ਚਰਚਾ ਛਿੜੀ ਹੋਈ ਹੈ ਕਿ ਕੈਨੇਡਾ ਵਿੱਚ ਨਸਲਵਾਦ ਨੂੰ ਠੱਲ੍ਹ ਕਿਸ ਤਰ੍ਹਾਂ ਪਾਈ ਜਾਵੇ?

ਬੁੱਧਵਾਰ ਨੂੰ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਫਰੀਲੈਂਡ ਨੇ ਆਖਿਆ ਕਿ ਪੁਲਿਸ ਸਮੇਤ ਸਾਰੀਆਂ ਫੈਡਰਲ ਸੰਸਥਾਵਾਂ ਲਈ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਕੈਨੇਡਾ ਵਿੱਚ ਵੀ ਨਸਲਵਾਦ ਵੱਡੀ ਸਮੱਸਿਆ ਹੈ। ਇਸ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਤੇ ਸਾਨੂੰ ਰਲ ਕੇ ਇਸ ਖਿਲਾਫ ਲੜਨਾ ਹੋਵੇਗਾ। ਉਨ੍ਹਾਂ ਆਖਿਆ ਕਿ ਜਦੋਂ ਨਸਲਵਾਦ ਦਾ ਮੁੱਦਾ ਆਉਂਦਾ ਹੈ ਤਾਂ ਸਰਕਾਰ ਦੀ ਰਾਇ ਇਸ ਬਾਰੇ ਬਹੁਤ ਸਪਸ਼ਟ ਹੈ ਤੇ ਉਹ ਇਹ ਹੈ ਕਿ ਸਮਾਜ ਵਿੱਚ ਨਸਲਵਾਦ ਦੀਆਂ ਜੜ੍ਹਾਂ ਦੂਰ ਤੱਕ ਫੈਲੀਆਂ ਹੋਈਆਂ ਹਨ।

ਫਰੀਲੈਂਡ ਨੇ ਆਖਿਆ ਕਿ ਜਿਵੇਂ ਪ੍ਰਧਾਨ ਮੰਤਰੀ ਵੀ ਆਖ ਚੁੱਕੇ ਹਨ ਕਿ ਕੈਨੇਡਾ ਵਿੱਚ ਅੱਜ ਵੀ ਨਸਲਵਾਦ ਮੌਜੂਦ ਹੈ, ਸਿਆਹ ਨਸਲ ਦੇ ਲੋਕਾਂ ਖਿਲਾਫ ਨਸਲਵਾਦ ਕੈਨੇਡਾ ਵਿੱਚ ਹੈ ਤੇ ਅਣਜਾਣੇ ਵਿਚ ਹੀ ਸਹੀ ਲੋਕਾਂ ਦਾ ਰਵੱਈਆ ਪੱਖਪਾਤਪੂਰਨ ਹੈ।

# ਨਸਲਵਾਦ ਦੇ ਦੋਸ਼ਾਂ ਤੋਂ ਬਾਅਦ ਪੀਲ ਸਕੂਲ ਬੋਰਡ ਵਿੱਚ ਤਬਦੀਲੀਆਂ ਲਈ ਵਚਨਬੱਧ ਹਾਂ : ਲਿਚੇ

ਟੋਰਾਂਟੋ, 11 ਜੂਨ (ਪੋਸਟ ਬਿਊਰੋ) : ਓਨਟਾਰੀਓ ਦੇ ਸਿੱਖਿਆ ਮੰਤਰੀ ਦਾ ਕਹਿਣਾ ਹੈ ਕਿ ਟੋਰਾਂਟੋ ਏਰੀਆ ਸਕੂਲ ਬੋਰਡ ਉੱਤੇ ਨਸਲਵਾਦ ਦੇ ਲੱਗ ਰਹੇ ਦੋਸ਼ਾਂ ਬਾਰੇ ਜੇ ਆਰਗੇਨਾਈਜ਼ੇਸ਼ਨ ਨੇ ਆਪ ਕੋਈ ਐਕਸ਼ਨ ਨਾ ਲਿਆ ਤਾਂ ਉਹ ਆਪ ਇਸ ਮਾਮਲੇ ਵਿੱਚ ਤਬਦੀਲੀਆਂ ਕਰਨ ਲਈ ਤਿਆਰ ਹਨ।

ਪੀਲ ਡਿਸਟ੍ਰਿਕਟ ਸਕੂਲ ਬੋਰਡ, ਜਿੱਥੇ ਵੱਖ ਵੱਖ ਨਸਲੀ ਪਿਛੋਕੜ ਦੇ ਵਿਦਿਆਰਥੀ ਪੜ੍ਹਾਈ ਕਰਦੇ ਹਨ, ਬਾਰੇ ਪਿੱਛੇ ਜਿਹੇ ਮੁਕੰਮਲ ਹੋਈ ਰਿਪੋਰਟ ਵਿੱਚ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਨਸਲਵਾਦ ਬਾਰੇ ਕੁੱਝ ਠੋਸ ਕਰਨ ਵਿੱਚ ਆਰਗੇਨਾਈਜ਼ੇਸ਼ਨ ਦੀ ਕੋਈ ਦਿਲਚਸਪੀ ਨਹੀਂ ਲੱਗਦੀ। ਇਹ ਰਿਪੋਰਟ ਹਿਊਮਨ ਰਾਈਟਸ ਐਡਵੋਕੇਟ ਆਰਲੀਨ ਹਿਗਿੰਨਜ਼ ਵੱਲੋਂ ਤਿਆਰ ਕੀਤੀ ਗਈ ਹੈ, ਇਸ ਵਿੱਚ ਆਖਿਆ ਗਿਆ ਹੈ ਕਿ ਸਕੂਲ ਬੋਰਡ ਵਿੱਚ ਐਂਟੀ ਬਲੈਕ ਰੇਸਿਜ਼ਮ ਮੌਜੂਦ ਹੈ।

ਇਸ ਮਾਮਲੇ ਨੂੰ ਹੱਲ ਕਰਨ ਲਈ ਲਿਚੇ ਵੱਲੋਂ 27 ਆਰਡਰਜ਼ ਦਿੱਤੇ ਗਏ ਤੇ ਹਿਗਿੰਨਜ਼ ਨੂੰ ਇਹ ਯਕੀਨੀ ਬਣਾਉਣ ਲਈ ਆਖਿਆ ਗਿਆ ਕਿ ਉਹ ਪ੍ਰਭਾਵਿਤ ਕਮਿਊਨਿਟੀਜ਼ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਐਂਟੀ ਰੇਸਿਜ਼ਮ ਪਾਲਿਸੀ ਲੈ ਕੇ ਆਉਣ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ

132''
88''
8 Seated Sofa

ਕਰਤਾਰ ਫਰਨੀਚਰ

- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



We Provide services:
- Corporation Registration
- Corporation Tax Returns
- Personal Tax Retrurns
- Accounting •Book - Keeping
- H.S.T •WSIB •T4 •E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੰਪਾਦਕੀ

## ਨਸਲਵਾਦ ਦਾ ਦੈਂਤ, ਬੁੱਤਾਂ ਦਾ ਪ੍ਰਭਾਵ ਅਤੇ ਵਰਤਮਾਨ ਪ੍ਰਸਥਿਤੀਆਂ

ਟੋਰਾਂਟੋ ਵਿੱਚ ਡੰਡਾਸ ਸਟਰੀਟ ਦਾ ਨਾਮ ਬਦਲਣ ਲਈ ਇੱਕ ਪਟੀਸ਼ਨ ਆਨਲਾਈਨ ਚੱਲ ਰਹੀ ਹੈ ਜਿਸ ਉੱਤੇ ਚੰਦ ਦਿਨਾਂ ਵਿੱਚ ਹੀ ਹਜ਼ਾਰਾਂ ਲੋਕਾਂ ਨੇ ਦਸਤਖਤ ਕੀਤੇ ਹਨ। ਇਤਰਾਜ਼ ਹੈ ਕਿ ਹੈਨਰੀ ਡੰਡਾਸ ਇੱਕ ਨਸਲਵਾਦੀ ਸੀ ਜਿਸਨੇ ਇੰਗਲੈਂਡ ਵਿੱਚੋਂ ਗੁਲਾਮੀ ਖਤਮ ਕਰਨ ਲਈ ਚੱਲ ਰਹੀ ਜਦੋਜਹਿਦ ਦਾ ਸਖ਼ਤੀ ਨਾਲ ਵਿਰੋਧ ਕੀਤੀ ਸੀ। ਹੈਨਰੀ ਡੰਡਾਸ ਕਾਰਣ ਹੀ ਗੁਲਾਮੀ ਦੇ ਵਿਧੀਵਤ ਖਾਤਮੇ ਵਿੱਚ ਦੇਰੀ ਹੋਈ ਸੀ। ਬਲੈਕ ਲਾਈਵਜ਼ ਮੈਟਰ (ਕਾਲੇ ਭਾਈਚਾਰੇ ਦੀਆਂ ਜਾਨਾਂ ਬੁੱਕਤ ਰੱਖਦੀਆਂ ਹਨ) ਮੁਹਿੰਮ ਕਾਰਣ ਅੱਜ ਉਹਨਾਂ ਸੰਸਥਾਵਾਂ, ਬੁੱਤਾਂ ਅਤੇ ਸੜਕਾਂ ਗਲੀਆਂ ਨੂੰ ਬਦਲਣ ਦੀ ਕਾਹਲ ਵਿਖਾਈ ਜਾ ਰਹੀ ਹੈ ਜਿਹਨਾਂ ਦਾ ਅਤੀਤ ਨਸਲਵਾਦ ਨਾਲ ਜੁੜਿਆ ਰਿਹਾ ਹੈ। ਅਮਰੀਕਾ ਵਿੱਚ ਜਾਰਜ ਫਲਾਇਡ ਦੇ ਪੁਲੀਸ ਹੱਥੋਂ ਹੋਏ ਕਤਲ ਤੋਂ ਬਾਅਦ ਇਸ ਮੁਹਿੰਮ ਨੂੰ ਵਧੇਰੇ ਬਲ ਮਿਲਿਆ ਹੈ। ਇਸ ਮੁਹਿੰਮ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਇੱਕ ਇਤਿਹਾਸਕ ਵਰਤਾਰਾ ਹੈ ਜੋ ਮਨੁੱਖਤਾ ਦੇ ਆਉਣ ਵਾਲੇ ਕੱਲ ਨੂੰ ਪ੍ਰੀਭਾਸ਼ਿਤ ਕਰੇਗਾ, ਘੱਟੋ ਘੱਟ ਨਸਲਵਾਦ ਦੇ ਪਰੀਪੇਖ ਵਿੱਚ।

ਹੈਰਨੀ ਡੰਡਾਸ ਦਾ ਅਰਸਾ ਅੱਜ ਤੋਂ ਕਰੀਬ ਦੋ ਸੌ ਸਾਲ (1742 ਤੋਂ 1811) ਪਹਿਲਾਂ ਦਾ ਰਿਹਾ ਹੈ ਜੋ ਕਿ ਸਕੌਟਿਸ਼ ਮੂਲ ਦਾ ਬਰਤਾਨਵੀ ਸੀ। ਕੱਲ ਖ਼ਬਰਾਂ ਆਈਆਂ ਸਨ ਕਿ ਸਕਾਟਲੈਂਡ ਵਿੱਚ ਉਸਦੇ ਬੁੱਤ ਨੂੰ ਉਤਾਰਨ ਵਾਸਤੇ ਕਾਉਂਸਲ ਵੱਲੋਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਵੇਂ ਹੀ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਸਿਟੀ ਸਟਾਫ਼ ਨੂੰ ਹੁਕਮ ਕੀਤੇ ਹਨ ਕਿ ਉਹ ਗੰਭੀਰਤਾ ਨਾਲ ਮੁਤ-ਾਲਿਆ ਕਰਨ ਕਿ ਸ਼ਹਿਰ ਵਿੱਚੋਂ ਕਿਹਨਾਂ ਲੋਕਾਂ ਦੇ ਬੁੱਤ ਹਟਾਉਣ ਜਾਂ ਸੜਕਾਂ ਦੇ ਨਾਮ ਬਦਲੇ ਜਾਣ ਦੀ ਲੋੜ ਹੈ। ਜੇ ਅਜਿਹਾ ਹੁੰਦਾ ਹੈ ਤਾਂ ਟੋਰਾਂਟੋ ਦੇ ਮਸ਼ਹੂਰ ਚੌਰਾਹੇ ਵਿੰਸਟਨ ਚਰਚਿਲ-ਡੰਡਾਸ ਸਕੁਐਰ ਦੇ ਦਰਸ਼ਨ ਹੁਣੇ ਕਰ ਲੈਣੇ ਚਾਹੀਦੇ ਹਨ ਕਿਉਂਕਿ ਇਹ ਕਿਵੇਂ ਹੋ ਸਕਦਾ ਹੈ ਕਿ ਲੱਖਾਂ ਲੋਕਾਂ ਦੀ ਜਾਨ ਲੈਣ ਦੇ ਦੋਸ਼ੀ ਦੂਜੀ ਸੰਸਾਰ ਜੰਗ ਵੇਲੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦਾ ਨਾਮ ਨਾ ਹਟਾਇਆ ਜਾਵੇ। ਟੋਰਾਂਟੋ ਸਿਟੀ ਹਾਲ ਦੇ ਬਾਹਰਵਾਰ ਅਹਾਤੇ ਦੇ ਇੱਕ ਕੋਨੇ ਉੱਤੇ ਵਿੰਸਟਨ ਚਰਚਿਲ ਦਾ ਇੱਕ ਖੂਬਸੂਰਤ ਬੁੱਤ ਲੱਗਿਆ ਮਿਲਦਾ ਹੈ। ਵਿੰਸਟਨ ਚਰਚਿਲ ਜਿੱਥੇ ਇੰਗਲੈਂਡ ਅਤੇ ਪੱਛਮੀ ਮੁਲਕਾਂ ਵਿੱਚ ਇੱਕ ਹੀਰੋ ਦਾ ਦਰਜਾ ਰੱਖਦਾ ਰਿਹਾ ਹੈ ਅੱਜ ਉਸਨੂੰ ਸੁਡਾਨ, ਅਫਗਾਨਸਤਾਨ, ਭਾਰਤ, ਇਰਾਕ ਅਤੇ ਕੁਰਦਾਂ ਸਮੇਤ ਲੱਖਾਂ ਲੋਕਾਂ ਦੇ ਕਤਲਾਂ ਦਾ ਦੋਖੀ ਵੀ ਸਮਝਿਆ ਜਾਂਦਾ ਹੈ। ਇੰਗਲੈਂਡ ਵਿੱਚ ਇੱਕ ਵਰਗ ਚਰਚਿਲ ਅਤੇ ਹੈਨਰੀ ਹੋਰਾਂ ਦੀ ਵਿਰਾਸਤ ਦਾ ਕਾਇਲ ਹੈ ਜਦੋਂ ਕਿ ਦੂਜਾ ਵਰਗ ਅਜਿਹੀ ਹਰ ਯਾਦ ਦਾ ਨੇਸਤੋਨਾਬੂਦ ਕੀਤਾ ਵੇਖਣਾ ਚਾਹੁੰਦਾ ਹੈ।

ਕੈਨੇਡਾ ਭਰ ਵਿੱਚ ਹਜ਼ਾਰਾਂ ਸੜਕਾਂ, ਪਾਰਕ ਅਤੇ ਇਤਿਹਾਸਕ ਸਥਾਨ ਹੋਣਗੇ ਜਿਹਨਾਂ ਨੂੰ ਆਧੁਨਿਕ ਜ਼ਮਾਨੇ ਦੇ ਮਾਪਦੰਡਾਂ ਮੁਤਾਬਕ ਹਟਾ ਦੇਣਾ ਚਾਹੀਦਾ ਹੈ। ਚੇਤੇ ਰਹੇ ਕਿ ਜਦੋਂ ਤੱਕ ਕੋਈ ਸਿਟੀ ਕਾਉਂਸਲ ਸੜਕਾਂ ਦੇ ਨਾਮ ਬਦਲਣ ਜਾਂ ਬੁੱਤਾਂ ਨੂੰ ਲਾਹੁਣ ਦਾ ਖਰਚਾ ਖੁਦ ਚੁੱਕਣ ਦਾ ਫੈਸਲਾ ਨਾ ਕਰੇ, ਇਸਦੀ ਭਰਪਾਈ ਮੰਗ ਕਰਨ ਵਾਲੇ ਸ਼ਹਿਰੀਆਂ ਨੂੰ ਕਰਨੀ ਪੈਂਦੀ ਹੈ। ਟੋਰਾਂਟੋ ਵਿੱਚ ਸੜਕ ਉੱਤੇ ਲੱਗੇ ਸਾਰੇ ਸਾਈਨਾਂ ਨੂੰ ਬਦਲਣ ਦੀ ਕੀਮਤ ਤੋਂ ਇਲਾਵਾ ਹਰ ਉਸ ਪ੍ਰਾਪਰਟੀ ਮਾਲਕ ਨੂੰ 200 ਡਾਲਰ ਇਵਜਾਨਾ ਦੇਣਾ ਪੈਂਦਾ ਹੈ ਜਿਸਦੇ ਘਰ ਦਾ ਐਡਰੈਸ ਸੜਕ ਦੇ ਨਾਮ ਬਦਲਣ ਨਾਲ ਬਦਲ ਜਾਵੇਗਾ। ਕੈਨੇਡਾ ਭਰ ਵਿੱਚ ਇਹਨਾਂ ਖਰਚਿਆਂ ਦਾ ਅਨੁਮਾਨ ਲਾਉਣਾ ਦਿਲਚਸਪ ਗੱਲ ਹੋਵੇਗੀ।

ਨਸਲਵਾਦ ਨਾਲ ਲੜਨ ਵਾਸਤੇ ਬੁੱਤਾਂ ਸੜਕਾਂ ਦੇ ਨਾਮ ਬਦਲਣ ਦੇ ਫੈਸਲੇ ਸਥਾਨਕ ਕਮਿਉਨਿਟੀਆਂ ਉੱਤੇ ਛੱਡ ਦੇਣੇ ਸਹੀ ਕਦਮ ਹੋਵੇਗਾ। ਇੰਝ ਵੀ ਕੀਤਾ ਜਾ ਸਕਦਾ ਹੈ ਕਿ ਵਿਵਾਦਪੂਰਣ ਬੁੱਤਾਂ ਸੜਕਾਂ ਕੋਲ ਇਬਾਰਤ ਲਿਖ ਕੇ ਉਸ ਵਿਅਕਤੀ ਦੇ ਵਿਵਾਦਪੂਰਣ ਰੋਲ ਬਾਰੇ ਜ਼ਿਕਰ ਕੀਤਾ ਜਾਵੇ। ਇਸ ਨਾਲ ਅਗਲੀਆਂ ਪੀੜੀਆਂ ਨੂੰ ਸਬਕ ਮਿਲੇਗਾ ਕਿ ਬੀਤੇ ਵਿੱਚ ਹੀਰੋ ਸਮਝੇ ਜਾਣ ਵਾਲੇ ਲੋਕਾਂ ਦਾ ਅਸਲ ਕਿਰਦਾਰ ਕਿਹੋ ਜਿਹਾ ਸੀ। ਪਰ ਸੱਭ ਤੋਂ ਵੱਡੀ ਲੋੜ ਨਸਲਵਾਦ ਦੇ ਦੈਂਤ ਨੂੰ ਸਾਡੇ ਸਿਸਟਮ ਵਿੱਚੋਂ ਖਤਮ ਕਰਨ ਦੀ ਹੈ ਜਿਸ ਵਾਸਤੇ ਉਹਨਾਂ ਅਖੌਤੀ ਤਾਕਤਾਂ ਨੂੰ ਚੁਣੌਤੀ ਦੇਣ ਦੀ ਲੋੜ ਹੈ ਜੋ ਸਤਹੀ ਪੱਧਰ ਉੱਤੇ ਬਰਾਬਰੀ ਦੇ ਸੰਕਲਪ ਦੇ ਹਾਮੀ ਜਾਪਦੇ ਹਨ। ਮਿਸਾਲ ਵਜੋਂ 2017 ਵਿੱਚ ਯੂਨਾਈਟਡ ਨੇਸ਼ਨਜ਼ ਦੀ ਮਨੁੱਖੀ ਅਧਿਕਾਰਾਂ ਬਾਰੇ ਕਾਉਂਸਲ ਨੇ ਸਿਫਾਰਸ਼ ਕੀਤੀ ਗਈ ਸੀ ਕਿ ਕੈਨੇਡਾ ਸਰਕਾਰ ਕੈਨੇਡਾ ਵਿੱਚ ਵੱਸਣ ਵਾਲੇ ਅਫਰੀਕੀ ਮੂਲ ਦੇ ਲੋਕਾਂ (99% ਕਾਲੇ) ਤੋਂ ਮੁਆਫੀ ਮੰਗੇ। ਭਰੇ ਮੇਲੇ ਵਿੱਚ ਪਲ ਭਰ ਲਈ ਗੋਡਿਆਂ ਪਰਨੇ ਹੋਣਾ ਚੰਗੀ ਗੱਲ ਹੈ ਪਰ ਪ੍ਰਧਾਨ ਮੰਤਰੀ ਟਰੂਡੋ ਲਈ ਚੰਗਾ ਹੈ ਕਿ ਮੁਆਫੀ ਮੰਗਣ ਵਰਗੇ ਠੋਸ ਕਦਮਾਂ ਵੱਲ ਧਿਆਨ ਦੇਣ।

ਨਸਲਵਾਦ ਸਾਡੇ ਸਿਸਟਮ ਵਿੱਚ ਬਹੁਤ ਡੂੰਘਾ ਉੱਤਰਿਆ ਹੋਇਆ ਹੈ। 2017 ਵਿੱਚ ਐਂਗਸ ਰੀਡ (Angus Ried) ਦੀ ਉਹ ਰਿਪੋਰਟ ਸ਼ਾਇਦ ਹੀ ਕਿਸੇ ਕੈਨੇਡੀਅਨ ਸਿੱਖ ਨੂੰ ਭੁੱਲੀ ਹੋਵੇਗੀ ਜਿਸ ਵਿੱਚ 25% ਲਿਬਰਲ ਅਤੇ ਐਨ ਡੀ ਪੀ ਸਮਰੱਥਕਾਂ ਨੇ ਕਿਹਾ ਸੀ ਕਿ ਉਹ ਕਿਸੇ ਦਸਤਾਰਧਾਰੀ ਨੂੰ ਲੀਡਰਸ਼ਿੱਪ ਰੋਲ ਵਿੱਚ ਵੇਖਣਾ ਪਸੰਦ ਨਹੀਂ ਕਰਨਗੇ। ਇਸ ਮਸਲੇ ਉੱਤੇ ਕੰਜ਼ਰਵੇਟਿਵਾਂ ਦੀ ਤਾਂ ਖੈਰ ਹੀ ਆਖੀ ਜਾ ਸਕਦੀ ਹੈ। ਹਰ ਕਿਸਮ ਦੇ ਨਸਲਾਵਾਦ ਨੂੰ ਜਨਤਕ ਰੂਪ ਵਿੱਚ ਅੱਕੋਂ ਕੌੜਾ ਮੰਨਣ ਵਾਲੀ ਗਰੀਨ ਪਾਰਟੀ ਨੇ ਹਾਲ ਵਿੱਚ ਹੀ ਐਨ ਡੀ ਪੀ ਛੱਡ ਕੇ ਗਏ ਕਈ ਲੋਕਾਂ ਨੂੰ ਸ਼ਾਮਲ ਕੀਤਾ ਹੈ (ਨਿਊ ਬਰੱਨਸਵਿਕ ਵਿੱਚ) ਜਿਹੜੇ ਮੰਨਦੇ ਸਨ ਕਿ ਜਗਮੀਤ ਸਿੰਘ ਇੱਕ ਮੁਸਲਮਾਨ ਹੈ। ਗਲੀਆਂ ਸੜਕਾਂ ਦੇ ਨਾਮ ਅਤੇ ਬੁੱਤ ਤਾਂ ਆਸਾਨੀ ਨਾਲ ਬਦਲੇ ਲਾਹੇ ਜਾ ਸਕਦੇ ਹਨ ਪਰ ਦਿਲਾਂ ਵਿੱਚ ਵੱਸਦੇ ਨਫ਼ਤਰ ਦੇ ਬੁੱਤ ਮਨਫ਼ੀ ਕਰਨ ਲਈ ਗੰਭੀਰ ਯਤਨਾਂ ਦੀ ਲੋੜ ਹੈ।

## ਡੰਡਾਸ ਸਟਰੀਟ ਦਾ ਨਾਂ ਬਦਲਣ ਲਈ ਸੈਂਕੜੇ ਲੋਕਾਂ ਨੇ ਪਟੀਸ਼ਨ ਉੱਤੇ ਕੀਤੇ ਦਸਤਖ਼ਤ




ਟੋਰਾਂਟੋ, 11 ਜੂਨ (ਪੋਸਟ ਬਿਊਰੋ) : 18ਵੀਂ ਸਦੀ ਵਿੱਚ ਬ੍ਰਿਟਿਸ਼ ਸਾਮਰਾਜ ਦੌਰਾਨ ਗੁਲਾਮ ਪ੍ਰਥਾ ਨੂੰ ਖਤਮ ਕਰਨ ਦੇ ਵਿਰੋਧ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਖਸ ਦੇ ਨਾਂ ਨਾਲ ਮੇਲ ਖਾਂਦਾ ਨਾਂ ਹੋਣ ਕਾਰਨ ਡੰਡਾਸ ਸਟਰੀਟ ਦਾ ਨਾਂ ਬਦਲਣ ਲਈ ਸਿਟੀ ਨੂੰ ਇੱਕ ਪਟੀਸ਼ਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸ ਆਨਲਾਈਨ ਪਟੀਸ਼ਨ ਉੱਤੇ ਸੈਂਕੜੇ ਲੋਕਾਂ ਵੱਲੋਂ ਸਾਈਨ ਵੀ ਕੀਤੇ ਜਾ ਚੁੱਕੇ ਹਨ।

ਜਾਰਜ ਫਲੌਇਡ ਦੀ ਮੌਤ ਤੋਂ ਬਾਅਦ ਦੁਨੀਆ ਭਰ ਵਿਚ ਸਿਆਹ ਨਸਲ ਦੇ ਲੋਕਾਂ ਖਿਲਾਫ ਹੁੰਦੇ ਨਸਲਵਾਦ ਤੇ ਪੁਲਿਸ ਦੇ ਜਾਲਮਾਨਾਂ ਰਵਈਏ ਦੇ ਸਬੰਧ ਵਿਚ ਦੁਨੀਆ ਭਰ ਵਿਚ ਰੋਸ ਮੁਜਾਹਰੇ ਹੋ ਰਹੇ ਹਨ। ਇਸੇ ਲੜੀ ਤਹਿਤ ਟੋਰਾਂਟੋ ਵਾਸੀ ਐਂਡਰਿਊ ਲੌਕਹੈਡ ਵਲੋਂ ਸੁਰੂ ਕੀਤੀ ਗਈ ਇਹ ਪਟੀਸਨ ਤਿਆਰ ਕੀਤੀ ਗਈ ਹੈ।

ਇਸ ਪਟੀਸਨ ਵਿਚ ਆਖਿਆ ਗਿਆ ਹੈ ਕਿ 18ਵੀਂ ਸਦੀ ਵਿਚ ਹੈਨਰੀ ਡੰਡਾਸ ਨਾਂ ਦਾ ਸਕੌਟਿਸ ਸਿਆਸਤਦਾਨ ਸੀ, ਜਿਸ ਦੇ ਨਾਂ ਉਤੇ ਡੰਡਾਸ ਸਟਰੀਟ ਦਾ ਨਾਂ ਰਖਿਆ ਗਿਆ, ਜਿਸ ਨੂੰ ਗੁਲਾਮੀ ਦੀ ਪ੍ਰਥਾ ਨੂੰ ਖਤਮ ਕਰਨ ਉਤੇ ਸਖਤ ਇਤਰਾਜ ਸੀ। ਉਸ ਨੇ ਇਸ ਪ੍ਰਥਾ ਨੂੰ ਖਤਮ ਕਰਨ ਲਈ ਜਿੰਨੀਆਂ ਵੀ ਕੋਸਿਸਾਂ ਉਸ ਸਮੇਂ ਦੌਰਾਨ ਕੀਤੀਆਂ ਗਈਆਂ ਉਨ੍ਹਾਂ ਵਿਚ 1806 ਤਕ ਆਪਣੇ ਕਰੀਅਰ ਦਾ ਅੰਤ ਹੋਣ ਤਕ ਰੋੜੇ ਅਟਕਾਏ।

ਪਟੀਸਨ ਵਿਚ ਟੋਰਾਂਟੋ ਸਿਟੀ ਕਾਉਂਸਲ ਤੋਂ ਮੰਗ ਕੀਤੀ ਗਈ ਹੈ ਕਿ ਇਸ ਸਟਰੀਟ ਦਾ ਨਾਂ ਅਜਿਹੇ ਸਖਸ ਦੀ ਥਾਂ ਉਤੇ ਕਿਸੇ ਹੋਰ ਢੁਕਵੇਂ ਵਿਅਕਤੀ, ਸਥਾਨ ਜਾਂ ਈਵੈਂਟ ਦੇ ਆਧਾਰ ਉਤੇ ਰਖਿਆ ਜਾਵੇ।

## ਕੋਰੋਨਾ ਦਾ ਦਬਾਅ: ਪੰਜਾਬ ਸਰਕਾਰ ਵੱਲੋਂ ਫਿਰ ਵੀਕ-ਐਂਡ ਲਾਕਡਾਊਨ ਲਾਗੂ

...ਪੰਨਾ 1 ਦਾ ਬਾਕੀ

ਇਸ ਤੋਂ ਉੱਪਰ ਸਿਰਫ ਅਮਰੀਕਾ ਵਿੱਚ 20,88,496 ਕੇਸ, ਬਰਾਜ਼ੀਲ ਦੇ 8,02,828 ਕੇਸ ਅਤੇ ਰੂਸ ਦੇ 5,02,436 ਕੇਸ ਹਨ। ਅਮਰੀਕਾ ਵਿੱਚ 1,16,018 ਮੌਤਾਂ ਹੋਈਆਂ ਹਨ, ਬ੍ਰਿਟੇਨ ਵਿੱਚ 41,279, ਬਰਾਜ਼ੀਲ ਵਿੱਚ 40,920 ਤੇ ਇਟਲੀ ਵਿੱਚ 34,167 ਮੌਤਾਂ ਹੋਈਆਂ ਹਨ। ਬਾਕੀ ਸਾਰੇ ਦੇਸ਼ਾਂ ਵਿੱਚ ਤੀਹ ਹਜ਼ਾਰ ਤੋਂ ਘੱਟ ਹਨ। ਭਾਰਤ ਵਿੱਚ ਸ਼ੁੱਕਰਵਾਰ ਸਵੇਰ ਤੱਕ 8501 ਮੌਤਾਂ ਹੋਈਆਂ ਹਨ, ਜਿਨ੍ਹਾਂ ਵਿੱਚੋਂ ਮਹਾਰਾਸ਼ਟਰ ਵਿੱਚ ਬਹੁਤੀਆਂ ਮੌਤਾਂ 3438 ਹੋਈਆਂ ਹਨ। ਇਸ ਤੋਂ ਬਾਅਦ ਗੁਜਰਾਤ ਵਿੱਚ 1347, ਦਿੱਲੀ ਵਿੱਚ 984, ਪੱਛਮੀ ਬੰਗਾਲ ਵਿੱਚ 432, ਤਾਮਿਲ ਨਾਡੂ ਵਿੱਚ 326 ਉੱਤਰ ਪ੍ਰਦੇਸ਼ ਵਿੱਚ 321 ਅਤੇ ਰਾਜਸਥਾਨ ਵਿੱਚ 259 ਮੌਤਾਂ ਹੋ ਚੁੱਕੀਆਂ ਹਨ। ਦਿੱਲੀ ਵਿੱਚ ਸਥਿਤੀ ਖਤਰਨਾਕ ਹੁੰਦੀ ਜਾ ਰਹੀ ਹੈ।

## ਕੈਨੇਡਾ ਦੀ ਪੱਤਰਕਾਰ ਦੇ ਅਗਵਾ ਅਤੇ ਕਤਲ ਕੇਸ ਵਿੱਚ ਲੋੜੀਂਦਾ ਪਾਕਿ ਤਾਲਿਬਾਨੀ ਮਾਰਿਆ ਗਿਆ

ਪੇਸ਼ਾਵਰ, 11 ਜੂਨ (ਪੋਸਟ ਬਿਊਰੋ)- ਕੈਨੇਡਾ ਦੀ ਪੱਤਰਕਾਰ ਖਦੀਜਾ ਅਬਦੁਲ ਕਹਿਰ ਦੇ ਕਤਲ ਕੇਸ ਵਿੱਚ ਲੋੜੀਂਦਾ ਪਾਕਿਸਤਾਨ ਤਾਲਿਬਾਨ ਦਾ ਅੱਤਵਾਦੀ ਅਮੀਨ ਸ਼ਾਹ ਪੇਸ਼ਾਵਰ ਵਿੱਚ ਹੋਏ ਮੁਕਾਬਲੇ ਵਿੱਚ ਮਾਰਿਆ ਗਿਆ ਹੈ।

ਖੈਬਰ ਪਖਤੂਨਖਵਾ ਦੇ ਪੁਲਸ ਮੁਖੀ ਸਨਾਉਲਾ ਅੱਬਾਸੀ ਨੇ ਦੱਸਿਆ ਹੈ ਕਿ ਅੱਤਵਾਦੀ ਸੰਗਠਨ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ (ਟੀ ਟੀ ਪੀ) ਦਾ ਚੋਟੀ ਦਾ ਅੱਤਵਾਦੀ ਸ਼ਾਹ ਅੱਤਵਾਦ ਦੇ ਕਈ ਕੇਸਾਂ ਵਿੱਚ ਲੋੜੀਂਦਾ ਸੀ। ਉਨ੍ਹਾਂ ਨੇ ਕਿਹਾ ਕਿ ਸ਼ਾਹ ਨੇ 2008 ਵਿੱਚ ਖਦੀਜਾ ਅਬਦੁਲ ਕਹਿਰ (55) ਨੂੰ ਅਗਵਾ ਕਰ ਕੇ 2010 ਵਿੱਚ ਪਾਕਿਸਤਾਨ ਵਿੱਚ ਉਸ ਦਾ ਕਤਲ ਕਰ ਦਿੱਤਾ ਸੀ। ਤਾਲਿਬਾਨ ਨੇ ਕਹਿਰ ਨੂੰ ਰਿਹਾਅ ਕਰਨ ਲਈ ਫਿਰੌਤੀ ਵਜੋਂ ਵੀਹ ਲੱਖ ਅਮਰੀਕੀ ਡਾਲਰ ਅਤੇ ਹਿਰਾਸਤ ਵਿੱਚ ਲਏ ਗਏ ਆਪਣੇ ਕੁਝ ਨੇਤਾ ਛੱਡਣ ਦੀ ਮੰਗ ਰੱਖੀ ਸੀ। ਅੱਬਾਸੀ ਨੇ ਕਿਹਾ ਕਿ ਸ਼ਾਹ ਵੱਲੋਂ ਆਤਮ ਸਮਰਪਣ ਕਰਨ ਤੋਂ ਇਨਕਾਰ ਕਰਨ ਦੇ ਬਾਅਦ ਉਹ ਪੁਲਸ ਮੁਲਾਜ਼ਮਾਂ ਨਾਲ ਮੁਕਾਬਲੇ ਵਿੱਚ ਮਾਰਿਆ ਗਿਆ। ਇਸਲਾਮ ਕਬੂਲ ਕਰਨ ਤੋਂ ਪਹਿਲਾਂ ਬੇਵਲੀ ਗੀਸਬ੍ਰੇਕਟ ਦੇ ਨਾਂਅ ਨਾਲ ਜਾਣੀ ਜਾਂਦੀ ਕੈਨੇਡਾ ਦੀ ਪੱਤਰਕਾਰ ਖਦੀਜਾ ਕਹਿਰ ਨੂੰ ਉਨ੍ਹਾਂ ਦੇ ਅਨੁਵਾਦਕ ਸਲਮਾਨ ਖਾਨ, ਰਸੋਈਏ ਅਤੇ ਗੱਡੀ ਡਰਾਈਵਰ ਜ਼ਾਰ ਮੁਹੰਮਦ ਦੇ ਨਾਲ ਅਸ਼ਾਂਤ ਉਤਰੀ ਵਜ਼ੀਰਿਸਤਾਨ ਕਬਾਇਲੀ ਖੇਤਰ ਦੇ ਮੀਰਾਨਸ਼ਾਹ ਦੀ ਯਾਤਰਾ ਦੌਰਾਨ 11 ਨਵੰਬਰ ਨੂੰ ਅਗਵਾ ਕੀਤਾ ਗਿਆ ਸੀ। ਕੈਨੇਡਾ ਤੇ ਪਾਕਿਸਤਾਨ ਦੀ ਸਰਕਾਰ ਨੇ ਕਹਿਰ ਦੀ ਰਿਹਾਈ ਲਈ ਸਾਂਝੀ ਮੁਹਿੰਮ ਵੀ ਚਲਾਈ, ਪਰ ਕੋਈ ਨਤੀਜਾ ਨਹੀਂ ਨਿਕਲਿਆ।

ਇੱਕ ਧਾਰਮਿਕ ਦਲ ਦੀਆਂ ਕੋਸ਼ਿਸ਼ਾਂ ਕਾਰਨ ਅੱਠ ਮਹੀਨਿਆਂ ਬਾਅਦ ਖਾਨ ਅਤੇ ਮਹਿਮੂਦ ਨੂੰ ਛੱਡ ਦਿੱਤਾ ਗਿਆ ਸੀ। ਖਾਨ ਨੇ ਆਪਣੀ ਰਿਹਾਈ ਦੇ ਬਾਅਦ ਦੱਸਿਆ ਕਿ ਜਿਹਾਦੁਨਸਪੁਨ ਡਾਟ ਕਾਮ ਨਾਂਅ ਦੀ ਵੈਬਸਾਈਟ ਦੀ ਮਾਲਕ ਅਤੇ ਪ੍ਰਕਾਸ਼ਕ ਕਹਿਰ ਹੈਪੇਟਾਈਟਸ ਨਾਲ ਜੂਝ ਰਹੀ ਸੀ ਅਤੇ ਮੌਤ ਲਈ ਮਾਨਸਿਕ ਪੱਖੋਂ ਤਿਆਰ ਸੀ। ਉਨ੍ਹਾਂ ਨੂੰ ਆਪਣੀ ਰਿਹਾਈ ਦੀ ਜ਼ਿਆਦਾ ਆਸ ਨਹੀਂ ਸੀ। ਕਹਿਰ ਨੇ ਪਾਕਿਸਤਾਨ ਨੂੰ ਪੂਰੀ ਤਰ੍ਹਾਂ ਯੁੱਧ ਖੇਤਰ ਕਰਾਰ ਦੇ ਕੇ ਇਥੋਂ ਨਿਕਲਣ ਲਈ ਮਦਦ ਮੰਗੀ ਸੀ। ਇਸ ਤੋਂ ਪਹਿਲਾਂ ਅਗਵਾਕਾਰਾਂ ਨੇ ਤੀਹ ਮਾਰਚ 2009 ਤੱਕ ਫਿਰੌਤੀ ਦੀ ਮੰਗ ਪੂਰੀ ਨਾ ਹੋਣ 'ਤੇ ਕਹਿਰ ਨੂੰ ਮਾਰਨ ਦੀ ਧਮਕੀ ਦਿੱਤੀ ਸੀ। ਮੀਰਾਨਸ਼ਾਹ ਪ੍ਰੈਸ ਕਲੱਬ ਨੂੰ ਭੇਜੇ ਵੀਡੀਓ ਵਿੱਚ ਕਹਿਰ ਇਹ ਅਪੀਲ ਕਰਦੀ ਨਜ਼ਰ ਆਈ, ਮੈਨੂੰ ਬਚਾ ਲਓ। ਮੈਂ ਕੈਨੇਡਾ ਸਰਕਾਰ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਮੀਡੀਆ ਐਸੋਸੀਏਸ਼ਨਾਂ ਤੋਂ ਇਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲੈਣ ਅਤੇ ਮੈਨੂੰ ਛੁਡਾਉਣ ਦੀ ਅਪੀਲ ਕਰਦੀ ਹਾਂ।

## ਪਤੀ ਨੇ ਪਤਨੀ 'ਤੇ ਦੂਸਰਾ ਵਿਆਹ ਕਰਾਉਣ ਅਤੇ ਨਕਦੀ, ਗਹਿਣੇ ਚੋਰੀ ਕਰਨ ਦੇ ਦੋਸ਼ ਲਾਏ

ਕਿਸ਼ਨਗੜ੍ਹ, ਜਲੰਧਰ 11 ਜੂਨ (ਪੋਸਟ ਬਿਊਰੋ)- ਨੇੜਲੇ ਪਿੰਡ ਬੱਲਾਂ ਦੇ ਸੁਖਵਿੰਦਰ ਸਿੰਘ ਉਰਫ਼ ਬਿੰਦੂ ਪੁੱਤਰ ਜਰਨੈਲ ਸਿੰਘ ਨੇ ਐਸ ਐਸ ਪੀ ਦਿਹਾਤੀ ਨਵਜੋਤ ਸਿੰਘ ਮਾਹਲ ਨੂੰ ਦਿੱਤੀ ਸ਼ਿਕਾਇਤ ਵਿੱਚ ਆਪਣੀ ਪਤਨੀ ਕੁਲਵੰਤ ਕੌਰ ਪੁੱਤਰੀ ਫੁੰਮਣ ਸਿੰਘ ਅਤੇ ਇਸ ਵਕਤ ਪਤਨੀ ਜਸਵੰਤ ਸਿੰਘ ਮੋਖਾ ਪੁੱਤਰ ਦਲਵਿੰਦਰ ਸਿੰਘ, ਭਜਨ ਕੌਰ ਪਤਨੀ ਗੁਲਜ਼ਾਰ ਸਿੰਘ, ਪਰਮਜੀਤ ਸਿੰਘ ਪੁੱਤਰ ਫੁੰਮਣ ਸਿੰਘ ਸਾਰੇ ਪਿੰਡ ਲੱਖਣ ਖੁਰਦ, ਜ਼ਿਲ੍ਹਾ ਕਪੂਰਥਲਾ, ਜਸਵੰਤ ਸਿੰਘ ਮੋਖਾ ਪੁੱਤਰ ਦਲਵਿੰਦਰ ਸਿੰਘ ਪਿੰਡ ਮੋਖਾ, ਜ਼ਿਲ੍ਹਾ ਜਲੰਧਰ 'ਤੇ ਗੰਭੀਰ ਦੋਸ਼ ਲਾਇਆ ਕਿ ਇਨ੍ਹਾਂ ਨੇ ਰਲ ਕੇ ਸਾਜਿਸ਼ ਅਧੀਨ ਮੇਰੀ ਪਤਨੀ ਕੁਲਵੰਤ ਕੌਰ ਦਾ ਮੈਨੂੰ ਤਲਾਕ ਦਿੱਤੇ ਬਿਨਾਂ ਦੂਸਰਾ ਵਿਆਹ ਕਰਵਾ ਦਿੱਤਾ ਤੇ ਘਰੋਂ ਜਾਣ ਵੇਲੇ ਕਰੀਬ 15 ਹਜ਼ਾਰ ਰੁਪਏ, 10 ਤੋਲੇ ਸੋਨੇ ਦੇ ਗਹਿਣੇ ਅਤੇ ਘਰ ਦੇ ਜ਼ਰੂਰੀ ਕਾਗਜ਼ਾਤ ਚੋਰੀ ਕਰ ਕੇ ਲੈ ਗਈ ਹੈ। ਉਸ ਨੇ ਇਸ ਸਾਜਿਸ਼ ਵਿੱਚ ਸ਼ਾਮਲ ਦੋਸ਼ੀਆਂ 'ਤੇ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਸ ਸਬੰਧ ਵਿੱਚ ਸੁਖਵਿੰਦਰ ਸਿੰਘ ਨੇ ਕਿਹਾ ਕਿ ਕਰੀਬ 17 ਸਾਲ ਪਹਿਲਾਂ ਮੇਰਾ ਵਿਆਹ ਕੁਲਵੰਤ ਕੌਰ ਪੁੱਤਰੀ ਫੁੰਮਣ ਸਿੰਘ ਵਾਸੀ ਲੱਖਣ ਖੁਰਦ ਕਪੂਰਥਲਾ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਸਾਡੇ ਘਰ ਦੋ ਧੀਆਂ ਮਨਪ੍ਰੀਤ ਕੌਰ (16) ਅਤੇ ਤਰਨਜੋਤ ਕੌਰ (13) ਹੋਈਆਂ ਸਨ। ਕੁਝ ਸਮਾਂ ਪਹਿਲਾਂ ਮੇਰੀ ਸੱਸ ਦੀ ਮੌਤ ਹੋ ਗਈ ਤੇ ਮੇਰੀ ਪਤਨੀ ਪੇਕੇ ਚਲੀ ਗਈ। ਛੇ ਮਾਰਚ 2020 ਨੂੰ ਮੇਰੀ ਪਤਨੀ ਵਾਪਸ ਮੇਰੇ ਘਰ ਆਪਣੀ ਮਾਸੀ ਭਜਨ ਕੌਰ, ਮਾਸੜ ਗੁਲਜ਼ਾਰ ਸਿੰਘ ਤੇ ਭਰਾ ਪਰਮਜੀਤ ਸਿੰਘ ਤੇ ਕੁਝ ਹੋਰ ਲੋਕਾਂ ਨਾਲ ਆਈ ਤਾਂ ਦੁਬਾਰਾ ਇਹ ਕਹਿ ਕੇ ਚਲੀ ਗਈ ਕਿ ਹਾਲੇ ਮੇਰਾ ਘਰ ਵਿੱਚ ਦਿਲ ਨਹੀਂ ਲੱਗਦਾ, ਮੈਂ ਕੁਝ ਸਮਾਂ ਹੋਰ ਪੇਕੇ ਰਹਿਣਾ ਹੈ। ਉਹ ਜਾਣ ਸਮੇਂ ਘਰ ਵਿੱਚ ਪਈ 15 ਹਜ਼ਾਰ ਰੁਪਏ ਨਕਦੀ, ਕਰੀਬ 10 ਤੋਲੇ ਸੋਨੇ ਦੇ ਗਹਿਣੇ, ਬੱਚਿਆਂ ਦੇ ਆਧਾਰ ਕਾਰਡ, ਜਨਮ ਸਰਟੀਫ਼ਿਕੇਟ ਤੇ ਘਰ ਦੀ ਵਸੀਅਤ ਤੇ ਕੁਝ ਹੋਰ ਜ਼ਰੂਰੀ ਕਾਗਜ਼ ਵੀ ਚੋਰੀ ਕਰ ਕੇ ਨਾਲ ਲੈ ਗਈ। ਫਿਰ ਉਹ ਵਾਪਸ ਨਹੀਂ ਆਈ ਅਤੇ ਮੈਨੂੰ ਪਤਾ ਲੱਗਾ ਕਿ ਉਸ ਨੇ ਮੈਨੂੰ ਤਲਾਕ ਦਿੱਤੇ ਬਿਨਾਂ ਦੂਸਰਾ ਵਿਆਹ ਜਸਵੰਤ ਸਿੰਘ ਉਰਫ਼ ਮੋਖਾ ਪੁੱਤਰ ਦਲਵਿੰਦਰ ਸਿੰਘ ਨਾਲ ਕਰਵਾ ਲਿਆ ਹੈ।

ਇਸ ਬਾਰੇ ਸੁਖਵਿੰਦਰ ਸਿੰਘ ਦੀ ਪਤਨੀ ਕੁਲਵੰਤ ਕੌਰ ਨੇ ਪਿੰਡ ਮੋਖੇ ਦੇ ਸਰਪੰਚ ਸੁਰਿੰਦਰ ਪਾਲ ਸਿੰਘ ਰਾਣਾ ਦੀ ਹਾਜ਼ਰੀ ਵਿੱਚ ਦੱਸਿਆ ਕਿ ਮੇਰੇ 'ਤੇ ਸੁਖਵਿੰਦਰ ਸਿੰਘ ਨੇ ਸਰਾਸਰ ਝੂਠੇ ਦੋਸ਼ ਲਾਏ ਹਨ। ਮੇਰੇ ਕੋਲ ਸਿਰਫ਼ ਲੜਕੀਆਂ ਦੇ ਆਧਾਰ ਕਾਰਡ ਹਨ, ਗਹਿਣੇ ਤੇ ਕਾਗਜ਼ਾਤ ਨਹੀਂ ਹਨ। ਪੁਲਸ ਚੌਕੀ ਕਿਸ਼ਨਗੜ੍ਹ ਦੇ ਏ ਐਸ ਆਈ ਭਗਵੰਤ ਸਿੰਘ ਨੇ ਇਸ ਬਾਰੇ ਕਿਹਾ ਕਿ ਉਨ੍ਹਾਂ ਕੋਲ ਸ਼ਿਕਾਇਤ ਆਈ ਤਾਂ ਦੋਵਾਂ ਧਿਰਾਂ ਨੂੰ ਦੋ ਵਾਰ ਚੌਕੀ ਸੱਦਿਆ ਸੀ ਪਰ ਗੱਲ ਕਿਸੇ ਸਿੱਟੇ ਨਹੀਂ ਪਹੁੰਚੀ। ਤਫ਼ਤੀਸ਼ ਚੱਲ ਰਹੀ ਹੈ ਜੋ ਵੀ ਦੋਸ਼ੀ ਪਾਇਆ ਜਾਂਦਾ ਹੈ, ਉਸ 'ਤੇ ਕਾਰਵਾਈ ਕੀਤੀ ਜਾਵੇਗੀ।

## ਗੋਲੀਆਂ ਮਾਰ ਕੇ ਦੋ ਸਕੇ ਭਰਾਵਾਂ ਦੀ ਹੱਤਿਆ

ਰੂੜੇਕੇ ਕਲਾਂ, 11 ਜੂਨ (ਪੋਸਟ ਬਿਊਰੋ)- ਜ਼ਿਲ੍ਹਾ ਬਰਨਾਲਾ ਦੇ ਪਿੰਡ ਰੂੜੇਕੇ ਕਲਾਂ ਵਿਖੇ ਇੱਕ ਵਿਅਕਤੀ ਵੱਲੋਂ ਪਿਸਟਲ ਨਾਲ ਗੋਲੀਆਂ ਮਾਰ ਕੇ ਆਪਣੇ ਗੁਆਂਢੀ, ਦੋ ਸਕੇ ਭਰਾਵਾਂ ਦੀ ਹੱਤਿਆ ਕਰਨ ਦਾ ਪਤਾ ਲੱਗਾ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਸ਼ਾਮ ਕਰਮ ਸਿੰਘ ਲੋਗੜੀ ਪੁੱਤਰ ਮੇਵਾ ਸਿੰਘ ਵਾਸੀ ਰੂੜੇਕੇ ਕਲਾਂ ਦੀ ਕਿਸੇ ਗੱਲ ਬਾਰੇ ਆਪਣੇ ਗੁਆਂਢ ਰਹਿੰਦੇ ਜਸਵੀਰ ਸਿੰਘ ਉਰਫ਼ ਲੱਖਾ ਅਤੇ ਕਰਮਜੀਤ ਸਿੰਘ ਉਰਫ਼ ਬਿੱਟੂ ਦੋ ਸਕੇ ਭਰਾਵਾਂ ਨਾਲ ਲੜਾਈ ਹੋ ਗਈ। ਇਸ ਦੌਰਾਨ ਕਰਮ ਸਿੰਘ ਲੋਗੜੀ ਨੇ ਦੋਨੋਂ ਭਰਾਵਾਂ ਨੂੰ ਪਿਸਟਲ ਨਾਲ ਗੋਲੀਆਂ ਮਾਰ ਕੇ ਜ਼ਖ਼ਮੀ ਕਰ ਦਿੱਤਾ। ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਰਨਾਲਾ ਲਿਜਾਇਆ ਗਿਆ। ਜਥੇਦਾਰ ਰਾਮ ਸਿੰਘ ਰੂੜੇਕੇ ਕਲਾਂ ਨੇ ਦੱਸਿਆ ਕਿ ਜ਼ਖ਼ਮੀ ਦੋਵੇਂ ਭਰਾਵਾਂ ਦੀ ਮੌਤ ਹੋ ਗਈ ਹੈ। ਓਥੇ ਹਾਜ਼ਰ ਥਾਂਣਾ ਰੂੜੇਕੇ ਕਲਾਂ ਦੇ ਮੁੱਖ ਅਫ਼ਸਰ ਇੰਸਪੈਕਟਰ ਕਮਲਜੀਤ ਸਿੰਘ ਗਿੱਲ ਨੇ ਦੱਸਿਆ ਕਿ ਪੀੜ੍ਹਤ ਧਿਰ ਦੇ ਬਿਆਨ ਲੈ ਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਕੈਨੇਡੀਅਨ ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕਵਾਰੰਟਾਈਨ ਸੈਂਟਰ ਦੀ ਟੈਂਕੀ ਵਿੱਚ ਕੀਟਨਾਸ਼ਕ ਮਿਲਾਉਣ ਦਾ ਯਤਨ

ਲੁਧਿਆਣਾ, 11 ਜੂਨ (ਪੋਸਟ ਬਿਊਰੋ)- ਇਸ ਮਹਾਨਗਰ ਦੀ ਰਾਹੋਂ ਰੋਡ ਦੇ ਇਲਾਕੇ ਵਿੱਚ ਕਵਾਰੰਟਾਈਨ ਸੈਂਟਰ ਵਿੱਚ ਠਹਿਰੇ ਹੋਏ ਪੁਲਸ ਮੁਲਾਜ਼ਮਾਂ ਨੂੰ ਭਜਾਉਣ ਲਈ ਨਕਲੀ ਖੁਸਰਿਆਂ ਨੇ ਪਾਣੀ ਦੀ ਟੈਂਕੀ ਵਿੱਚ ਕੀਟਨਾਸ਼ਕ ਮਿਲਾ ਦਿੱਤਾ, ਪਰ ਸਮਾਂ ਰਹਿੰਦੇ ਉਸ ਦੇ ਬਾਰੇ ਪਤਾ ਲੱਗ ਜਾਣ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਇਸ ਬਾਰੇ ਥਾਣਾ ਬਸਤੀ ਜੋਧੇਵਾਲ ਪੁਲਸ ਨੇ ਤਿੰਨ ਜਣਿਆਂ ਦੇ ਖਿਲਾਫ ਕੇਸ ਦਰਜ ਕੀਤਾ ਹੈ।

ਏ ਐੱਸ ਆਈ ਰਾਧੇਸ਼ਾਮ ਨੇ ਦੱਸਿਆ ਕਿ ਦੋਸ਼ੀਆਂ ਵਿੱਚ ਵਰਿੰਦਰ ਸਿੰਘ ਉਰਫ ਨਿਤਿਕਾ, ਸਿਮਰਨ ਅਤੇ ਗੌਰਵ ਸ਼ਾਮਲ ਹਨ। ਮੈਡੀਕਲ ਜਾਂਚ ਤੋਂ ਪਤਾ ਲੱਗਾ ਕਿ ਉਹ ਖੁਸਰੇ ਨਹੀਂ, ਮਰਦ ਹਨ। ਕਾਂਸਟੇਬਲ ਗੁਰਪਿੰਦਰ ਨੇ ਦੱਸਿਆ ਕਿ ਦੋ ਮਹੀਨੇ ਪਹਿਲਾਂ ਥਾਣਾ ਮੁਖੀ ਦੇ ਕੋਰੋਨਾ ਪਾਜ਼ੀਟਿਵ ਪਾਏ ਜਾਣ 'ਤੇ ਉਹਨੂੰ ਤੇ ਰਾਜਿੰਦਰ ਸਿੰਘ ਨੂੰ ਕਵਾਰੰਟਾਈਨ ਕੀਤਾ ਗਿਆ ਸੀ। ਇਸ ਕਾਰਨ ਪੁਲਸ ਨੇ ਕ੍ਰਿਸ਼ਨਾ ਕਲੋਨੀ ਦੀ ਗਲੀ ਨੰਬਰ ਨੌਂ ਦੀ ਇੱਕ ਇਮਾਰਤ ਵਿੱਚ ਕਵਾਰੰਟਾਈਨ ਸੈਂਟਰ ਬਣਾਇਆ ਸੀ, ਪਰ ਕਵਾਰੰਟਾਈਨ ਦੀ ਮਿਆਦ ਪੂਰੀ ਹੋਣ ਪਿੱਛੋਂ ਉਸ ਸੈਂਟਰ ਨੂੰ ਰੈਸਟ ਹੋਮ ਵਜੋਂ ਵਰਤਿਆ ਜਾ ਰਿਹਾ ਹੈ। ਇਸੇ ਇਮਾਰਤ ਦੇ ਇੱਕ ਹਿੱਸੇ ਵਿੱਚ ਤਿੰਨੇ ਦੋਸ਼ੀ ਰਹਿਦੇ ਹਨ। ਉਨ੍ਹਾਂ ਦੇ ਪਰਵਾਰਾਂ ਦਾ ਅਪਰਾਧਕ ਰਿਕਾਰਡ ਹੈ। ਵਰਿੰਦਰ ਦਾ ਭਰਾ ਜਤਿੰਦਰ ਲੁੱਟ ਖੋਹ ਦੀਆਂ ਵਾਰਦਾਤਾਂ ਦੇ ਕਾਰਨ ਇਨ੍ਹੀਂ ਦਿਨੀਂ ਜੇਲ੍ਹ ਵਿੱਚ ਹਨ। ਤਿੰਨੇ ਦੋਸ਼ੀ ਉਸ ਇਮਾਰਤ ਵਿੱਚ ਨਾਜਾਇਜ਼ ਕੰਮ ਕਰਦੇ ਸਨ, ਪਰ ਪੁਲਸ ਦੀ ਮੌਜੂਦਗੀ ਹੋਣ ਦੇ ਕਾਰਨ ਉਹ ਆਪਣੇ ਕੰਮ ਨਹੀਂ ਕਰ ਪਾ ਰਹੇ ਸਨ। ਇੱਕ ਹਫਤਾ ਪਹਿਲਾਂ ਦੋਸ਼ੀਆਂ ਨੇ ਇੱਕ ਮਹਿਲਾ ਤੋਂ ਪੁਲਸ ਮੁਲਾਜ਼ਮਾਂ ਦੇ ਖਿਲਾਫ ਸ਼ਿਕਾਇਤ ਕਰਾਈ ਕਿ ਉਹ ਉਸ ਨਾਲ ਛੇੜਛਾੜ ਕਰਦੇ ਹਨ, ਪਰ ਜਾਂਚ ਵਿੱਚ ਸ਼ਿਕਾਇਤ ਬੇਬੁਨਿਆਦ ਨਿਕਲੀ। ਨੌਂ ਜੂਨ ਨੂੰ ਗੁਰਪਿੰਦਰ ਡਿਊਟੀ ਦੇ ਬਾਅਦ ਰੈਸਟ ਕਰਨ ਆਇਆ ਤਾਂ ਪਿਆਸ ਲੱਗਣ 'ਤੇ ਟੂਟੀ 'ਚੋਂ ਪਾਣੀ ਪੀਣ ਲੱਗਾ ਤਾਂ ਉਸ ਵਿੱਚੋਂ ਬਦਬੂ ਆ ਰਹੀ ਸੀ। ਉਸ ਨੇ ਛੱਤ 'ਤੇ ਜਾ ਕੇ ਟੈਂਕੀ ਚੈਕ ਕੀਤੀ ਤਾਂ ਉਸ ਵਿੱਚ ਕੀਟਨਾਸ਼ਕ ਮਿਲਿਆ ਹੋਇਆ ਸੀ। ਦੋਸ਼ੀਆਂ ਨੇ ਕਵਾਰੰਟਾਈਨ ਸੈਂਟਰ ਵਿੱਚ ਰਹਿ ਰਹੇ ਪੁਲਸ ਮੁਲਾਜ਼ਮਾਂ ਨੂੰ ਜਾਨ ਤੋਂ ਮਾਰਨ ਦੀ ਨੀਤ ਨਾਲ ਪਾਣੀ ਦੀ ਟੈਂਕੀ ਵਿੱਚ ਜ਼ਹਿਰੀਲਾ ਪਦਾਰਥ ਮਿਲਾਇਆ ਸੀ। ਅਦਾਲਤ ਨੇ ਤਿੰਨਾਂ ਨੂੰ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
Deposit Structure: 40k $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal Sales Representative
Residential | Commercial | Investment (416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh Producer/Host
Cell: 416 662 1313
Email: punjabirang13@hotmail.com






ਸੁਰਜੀਤ ਸਿੰਘ ਫਲੋਰਾ

# ਨਸਲਵਾਦ ਕੀ ਹੈ?

ਨਸਲੀ ਭੇਦਭਾਵ, ਜਾਤੀਵਾਦ ਤਣਾਅ ਅਤੇ ਸਮਤਲ ਨਸਲਵਾਦ ਨੇ ਪੂਰੇ ਅਮਰੀਕੀ ਇਤਿਹਾਸ ਵਿੱਚ ਵੱਡੀਆਂ ਪ੍ਰੇਸ਼ਾਨ ਕਰਨ ਵਾਲੀਆਂ ਭੂਮਿਕਾਵਾਂ ਨਿਭਾਈਆਂ ਹਨ। ਅਮਰੀਕੀ ਪਛਾਣ ਦੇ ਮੱਧ ਵਿਚ ਅਜ਼ਾਦੀ ਨੂੰ ਦਬਾਉਣ ਲਈ ਨਸਲਵਾਦ ਦਾ ਹੁਣ ਤਕ ਦਾ ਸਭ ਤੋਂ ਪ੍ਰਚਲਿਤ ਬਹਾਨਾ ਰਿਹਾ ਹੈ। ਅਮਰੀਕੀ ਇਤਿਹਾਸ, ਰਾਜਨੀਤੀ ਜਾਂ ਵਿਗਿਆਨ ਦਾ ਕੋਈ ਨਿਰਪੱਖ ਅਧਿਐਨ ਜਾਤੀਵਾਦ ਨੂੰ ਅਗਾਂਹਵਧੂ ਸੋਚ ਨੂੰ ਅੱਗੇ ਨਹੀਂ ਵਧਣ ਦੇ ਰਿਹਾ।

ਜਿਵੇਂ ਕਿ ਬਹੁਤ ਮੁਸ਼ਕਲ ਵਿਸ਼ਿਆਂ ਦੇ ਨਾਲ, ਪਰਿਭਾਸ਼ਾਵਾਂ ਦੇ ਨਾਲ ਅਰੰਭ ਕਰਨਾ ਮਹੱਤਵਪੂਰਨ ਹੈ। ਜੇ ਅਸੀਂ ਪਰਿਭਾਸ਼ਾਵਾਂ ਬਾਰੇ ਸਹਿਮਤ ਨਹੀਂ ਹੋ ਸਕਦੇ, ਸਮਾਂ ਖਰਾਬ ਕਰਨ ਦੇ ਬਰਾਬਰ ਹੈ।

ਨਸਲਵਾਦ ਕੀ ਹੈ?

ਜ਼ਿਆਦਾਤਰ ਲੋਕ, ਬਹੁਤ ਸਾਰੇ ਚੰਗੇ ਲੋਕਾਂ ਸਮੇਤ, ਜਿਨ੍ਹਾਂ ਨੂੰ ਅਸੀਂ ਹਾਲ ਦੇ ਦਿਨਾਂ ਵਿੱਚ ਮਾਰਚ ਕਰਦੇ ਵੇਖਿਆ ਹੈ, ਕੁਝ ਵੀ ਉੱਤਰ ਦਿੰਦੇ ਹਨ "ਆਪਣੀ ਜਾਤੀ ਦੇ ਕਾਰਨ ਲੋਕਾਂ ਨਾਲ ਵੱਖਰਾ ਵਿਵਹਾਰ ਕਰਨ ਦੀ"।

ਇਹ ਕੋਈ ਮਾੜਾ ਸਹਿਜ ਜਵਾਬ ਨਹੀਂ ਹੈ। ਜਾਤੀਵਾਦ ਲੋਕਾਂ ਨੇ ਹਮੇਸ਼ਾਂ ਮਨੁੱਖਤਾ ਨੂੰ ਵੱਖਰੀਆਂ ਨਸਲੀ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ, ਲੋਕਾਂ ਨੂੰ ਸ਼੍ਰੇਣੀਬੱਧ ਕੀਤਾ ਹੋਇਆ ਹੈ, ਅਤੇ ਉਨ੍ਹਾਂ ਨੂੰ ਨਿਯਮ ਅਤੇ ਉਮੀਦਾਂ ਨੂੰ ਉਨ੍ਹਾਂ ਦੀ ਸ਼੍ਰੇਣੀ ਦੇ ਅਨੁਕੂਲ ਬਣਾਇਆ ਹੋਇਆ ਹੈ। ਕਈ ਵਾਰ ਇਕ ਜਾਤੀ ਦੇ ਲੋਕ ਸਮੁੱਚੀ ਸ਼੍ਰੇਣੀ ਨੂੰ ਸਜ਼ਾ ਦੇਣ ਦੀ ਵਕਾਲਤ ਕਰਦੇ ਹਨ। ਜਦ ਕੇ ਸਭ ਇਕੋ ਧਾਰਨਾ , ਸੋਚ , ਸਮਝ ਵਾਲੇ ਨਹੀਂ ਹੁੰਦੇ। ਕਿਉਂਕਿ ਹਰ ਗੋਰਾ ਵਿਅਕਤੀ ਭਾਵੇਂ ਉਹ ਸਿੱਖ ਹੈ, ਜਾਂ ਮੁਸਲਿਮ ਗੋਰਾ ਕਾਲਾ ਜਾਂ ਪੁਲਿਸ ਵਾਲਾਂ ਉਹ ਨਸਲਵਾਦੀ ਨਹੀਂ ਹੋ ਸਕਦਾ , ਜਿਸ ਕਰਕੇ ਹਰਇਕ ਨੂੰ ਇਕ ਹੀ ਤੱਕੜੀ ਦੇ ਤਰਾਜ਼ੋ ਵਿਚ ਨਹੀਂ ਤੋਲਿਆਂ ਜਾ ਸਕਦਾ।

ਇਹ ਨਸਲਵਾਦ ਹੈ। ਇਹ ਗੁੰਝਲਦਾਰ ਅਤੇ ਵਿਰੋਧੀ-ਅਮਰੀਕੀ ਹੈ। ਇਹ ਮੁਸ਼ਕਲ ਇਤਫ਼ਾਕ ਨਹੀਂ ਹੈ ਕਿ ਸੰਵਿਧਾਨ ਵਿਚ ਬਣੇ ਨਸਲਵਾਦ ਦੇ ਨਾਲ ਬੇਚੈਨੀ ਨਾਲ ਸਮਝੌਤਾ ਦੇਸ਼ ਨੂੰ ਤਕਰੀਬਨ ਵੱਖ ਕਰ ਦਿੰਦਾ ਹੈ। ਇਹ ਸਰਕਾਰਾਂ ਜਾਂ ਕਿਸੇ ਵਿਆਕਤੀ ਵਲੋਂ ਨਸਲਵਾਦ ਨੂੰ ਜਨਮ ਦਿੱਤਾ ਜਾਂਦਾ ਹੈ ਜੋ ਅਮਰੀਕੀ ਸਵਿਧਾਨ ਦੇ ਬਿਲਕੁਲ ਉਲਟ ਹੈ। ਅਮਰੀਕੀ ਸਵਿਧਾਨ ਹਰਇਕ ਨੂੰ ਇਕ ਹੀ ਨਜ਼ਰ ਅਤੇ ਸਭ ਨੂੰ ਬਰਾਬਰਤਾਂ ਦਾ ਦਰਜਾ ਦਿੰਦਾ ਹੈ। ਪਰ ਅਫਸੋਸ ਕੁਝ ਕੁਸਰੀਆਂ ਵਾਲੇ ਜਾਂ ਲੀਡਰ ਲੋਕਾ ਦੇ ਰੰਗ , ਜਾਤ ਪਾਤ, ਛੋਟੇ ਵੱਡੇ ਦੇ ਹਿਸਾਬ ਨਾਲ ਤੋਲਦੇ ਹਨ ਤੇ ਆਪਣਿਆਂ ਕੁਰਸੀਆਂ ਨੂੰ ਸਲਾਮਤ ਰੱਖਦੇ ਹਨ। ਨਸਲਵਾਦ ਇਕੋ ਸ਼ਬਦ ਨਹੀਂ ਹੈ ਜਿਸ ਦੀ ਸਾਨੂੰ ਪਰਿਭਾਸ਼ਾ ਕਰਨ ਦੀ ਜ਼ਰੂਰਤ ਹੈ। ਹਾਲੀਆ ਅਕਾਦਮਿਕ ਖੋਜ ਨੇ ਇੱਕ ਵਰਤਾਰੇ ਦੀ ਪਛਾਣ ਕੀਤੀ ਹੈ ਜਿਸ ਨੂੰ ਭੰਬਲਭੂਸੇ ਨਾਲ "ਸਟਰੁਚਟਾਂਚਾਗਤ ਨਸਲਵਾਦ" ਦਾ ਲੇਬਲ ਦਿੱਤਾ ਗਿਆ ਹੈ। ਸਟਰੁਚਟਾਂਚਾਗਤ ਨਸਲਵਾਦ ਨੂੰ ਇੱਕ ਅਜਿਹੀ ਪ੍ਰਣਾਲੀ ਵਜੋਂ ਪਰਿਭਾਸ਼ਤ ਕਰਦਾ ਹੈ ਜਿਸ ਵਿੱਚ ਜਨਤਕ ਨੀਤੀਆਂ, ਸੰਸਥਾਗਤ ਅਮਲਾਂ, ਸੱਭਿਆਚਾਰਕ ਨੁਮਾਇੰਦਿਆਂ ਅਤੇ ਹੋਰ ਨਿਯਮਾਂ ਵਿੱਚ ਵੱਖ-ਵੱਖ ਕੰਮ ਹੁੰਦੇ ਹਨ, ਅਕਸਰ ਨਸਲੀ ਸਮੂਹਾਂ ਦੀ ਅਸਮਾਨਤਾ ਨੂੰ ਕਾਇਮ ਰੱਖਣ ਅਤੇ ਉਸ ਨੂੰ ਹੋਰ ਮਜ਼ਬੂਤ ਕੀਤਾ ਜਾਂਦਾ ਹੈ। "ਸਟਰੁਚਟਾਂਚਾਗਤ ਨਸਲਵਾਦ ਉਹ ਚੀਜ਼ ਨਹੀਂ ਹੈ ਜਿਸ ਨੂੰ ਕੁਝ ਲੋਕ ਜਾਂ ਸੰਸਥਾਵਾਂ ਅਭਿਆਸ ਕਰਨ ਦੀ ਚੋਣ ਕਰਦੀਆਂ ਹਨ। ਇਸ ਦੀ ਬਜਾਏ ਇਹ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪ੍ਰਣਾਲੀਆਂ ਦੀ ਵਿਸ਼ੇਸ਼ਤਾ ਰਹੀ ਹੈ ਜਿਸ ਵਿਚ ਅਸੀਂ ਸਾਰੇ ਸ਼ਾਮਿਲ ਹਾਂ। "

ਦੂਜੇ ਸ਼ਬਦਾਂ ਵਿਚ, ਨਸਲਵਾਦ ਦੇ ਉਲਟ, ਸਟਰੁਚਟਾਂਚਾਗਤ ਨਸਲਵਾਦ ਈਥਰ ਦਾ ਹਿੱਸਾ ਹੈ ਇਹ ਨਸਲੀ ਰਵੱਈਏ, ਵਿਚਾਰ, ਜਾਂ ਕੋਈ ਵੀ ਵਿਅਕਤੀ, ਸੰਸਥਾ, ਸੰਗਠਨ, ਕਾਰਪੋਰੇਸ਼ਨ, ਜਾਂ ਸਰਕਾਰ ਦੇ ਰਵੱਈਏ ਦੇ ਸੁਤੰਤਰ ਹੈ।

ਇਹ ਨਵੀਂ ਪਛਾਣ ਕੀਤੀ ਗਈ ਵਰਤਾਰਾ ਇਤਿਹਾਸ ਦੇ ਸਮਝਦਾਰੀ ਨਾਲ ਪੜ੍ਹਨ ਲਈ ਅਧਾਰਤ ਹੈ। ਇਤਿਹਾਸ ਉਹਨਾਂ ਸਮੂਹਾਂ ਵਿਚਕਾਰ ਲੜਾਈਆਂ ਦੀ ਇੱਕ ਲੜੀ ਹੈ ਜੋ ਆਪਣੇ ਆਪ ਨੂੰ ਵੱਖਰਾ ਵੇਖਦਾ ਹੈ, ਜਿਸ ਵਿੱਚ ਜੇਤੂ ਆਪਣੀ ਹਾਰ ਨੂੰ ਹਾਰਨ ਉੱਤੇ ਥੋਪਦਾ ਹੈ। ਇਸ ਪ੍ਰਕਾਰ, ਹਰੇਕ ਮੌਜੂਦਾ ਸਮਾਜਿਕ ਸਟਰੁਚਟਾਂਚਾਗਤ ਇੱਕ ਪ੍ਰਣਾਲੀ ਦੇ ਅੰਦਰ ਪੈਦਾ ਹੋਇਆ ਜਿਸ ਵਿੱਚ ਇੱਕ ਪ੍ਰਮੁੱਖ ਸਮੂਹ ਆਪਣੇ ਨਿਯਮਾਂ ਨੂੰ ਇੱਕ ਅਧੀਨ ਸਮੂਹ ਉੱਤੇ ਮਜਬੂਰ ਕਰਦਾ ਹੈ। ਕਿਉਂਕਿ ਅਮਰੀਕੀ ਇਤਿਹਾਸ ਵਿੱਚ ਭੇਦਭਾਵ ਅਤੇ ਜ਼ੁਲਮ ਦਾ ਸਭ ਤੋਂ ਆਮ ਬਹਾਨਾ ਨਸਲਵਾਦ ਸੀ, ਇਸ ਲਈ ਜ਼ਬਰਦਸਤੀ ਸਮਾਜਕ ਸਟਰੁਚਟਾਂਚਾਗਤ ਵੀ ਜਾਤੀਵਾਦ ਸਨ-ਇਸ ਲਈ, ਸਟਰੁਚਟਾਂਚਾਗਤ ਨਸਲਵਾਦ ਦਾ ਜਨਮ ਹੋਇਆ।

ਨਸਲਵਾਦ ਅਤੇ ਸਟਰੁਚਟਾਂਚਾਗਤ ਨਸਲਵਾਦ ਵੱਖੋ ਵੱਖਰੇ ਵਰਤਾਰੇ ਹਨ ਜੋ ਵੱਖੋ ਵੱਖਰੇ ਸੁਧਾਰਾਂ ਦੀ ਮੰਗ ਕਰਦੇ ਹਨ ਅਸੀਂ ਇੱਕੋ ਸਮੇਂ ਉਨ੍ਹਾਂ ਦਾ ਸਾਹਮਣਾ ਨਹੀਂ ਕਰ ਸਕਦੇ।

ਨਸਲਵਾਦ ਨੂੰ ਦਰੁਸਤ ਕਰਨ ਵਾਲਾ ਇੱਕ ਰੰਗ-ਰਹਿਤ ਸਮਾਜ ਹੈ ਐਮ ਐਲ ਕੇ ਨਸਲਵਾਦ ਵਿਰੋਧੀ ਦਾ ਪੈਗੰਬਰ ਸੀ। ਉਸ ਦੇਸ਼ ਦਾ ਉਸ ਦਾ ਸੁਪਨਾ ਜਿਸ ਵਿਚ ਅਸੀਂ ਹਰ ਇਕ ਵਿਅਕਤੀ ਦੇ ਤੌਰ ਤੇ ਸਾਡੀ ਚਮੜੀ ਦੇ ਰੰਗ ਦੀ ਬਜਾਏ ਆਪਣੇ ਕਿਰਦਾਰ ਦੇ ਰਵਾਇਏ ਦੁਆਰਾ ਪਰਖਿਆ ਜਾਂਦਾ ਹੈ, ਇਕ ਸੁਪਨਾ ਬਣਿਆ ਹੋਇਆ ਹੈ - ਹਾਲਾਂਕਿ ਅਮਰੀਕਾ ਨੇ ਇਸ ਨੂੰ ਹਕੀਕਤ ਬਣਾਉਣ ਵਿਚ ਸ਼ਾਨਦਾਰ ਤਰੱਕੀ ਕੀਤੀ ਹੈ। ਐਂਟੀ ਨਸਲਵਾਦੀ ਕਿਸੇ ਵੀ ਕਨੂੰਨ, ਤਰਜੀਹਾਂ, ਜਾਂ ਵਿਵਹਾਰ ਨੂੰ ਰੱਦ ਕਰਦੇ ਹਨ ਜੋ ਅਮਰੀਕਾ ਨੂੰ ਚਮੜੀ ਦੇ ਰੰਗਾਂ ਤੋਂ ਵੱਖ ਕਰਦੇ ਹਨ।

ਸਟਰੁਚਟਾਂਚਾਗਤ ਨਸਲਵਾਦ ਦਾ ਸੁਧਾਰ ਬਹੁਤ ਵੱਖਰਾ ਹੈ। ਇੱਕ ਘੋਸ਼ਣਾ ਜੋ ਕਿ ਅਸੀਂ 1964 ਵਿੱਚ ਨਸਲਵਾਦ ਤੇ ਪਾਬੰਦੀ ਲਗਾਉਣ ਅਤੇ ਚਮੜੀ ਵਾਲੇ ਸਮਾਜ ਦੇ ਲੋਕਾ ਵੱਲ ਮਾਰਚ ਕਰਨ ਦਾ ਫੈਸਲਾ ਕੀਤਾ ਸੀ ਇਹ ਇਕ ਬਹੁਤ ਹੀ ਵਧਿਆ ਉਪਰਾਲਾਂ ਸੀ , ਪਰ ਇਹ ਸਾਡੇ ਵਰ੍ਹਿਆਂ ਵਿੱਚ ਇੱਕ ਨਸਲਵਾਦੀ ਸਮਾਜ ਦੇ ਰੂਪ ਵਿੱਚ ਬਣੀਆਂ ਸਾਰੀਆਂ ਸਟਰੁਚਟੁਰਸਾਂਚਿਆਂ ਅਤੇ ਅਸਮਾਨਤਾਵਾਂ ਨੂੰ ਬਰਕਰਾਰ ਰੱਖਦਾ ਹੈ। ਸਟਰੁਚਟਾਂਚਾਗਤ ਨਸਲਵਾਦ ਨੂੰ ਠੀਕ ਕਰਨ ਦਾ ਇਕੋ ਇਕ ਅੰਗ ਹੈ।

ਦੂਜੇ ਸ਼ਬਦਾਂ ਵਿਚ, ਨਸਲਵਾਦ ਦੇ ਵਿਰੋਧੀ ਘੱਟ ਨਸਲਵਾਦ ਵਾਲੀ ਦੁਨੀਆਂ ਲਈ ਕੋਸ਼ਿਸ਼ ਕਰਦੇ ਹਨ ਸਟਰੁਚਟਾਂਚਾਗਤ ਨਸਲਵਾਦ ਦੇ ਵਿਰੋਧੀ ਸੁਧਾਰਵਾਦੀ ਨਸਲਵਾਦ ਵਾਲੀ ਦੁਨੀਆਂ ਲਈ ਕੋਸ਼ਿਸ਼ ਕਰਦੇ ਹਨ ਸਪੱਸ਼ਟ ਹੈ, ਕੋਈ ਵੀ ਸਮਾਜ ਇੱਕੋ ਸਮੇਂ ਦੋਵੇਂ ਟੀਚੇ ਪ੍ਰਾਪਤ ਨਹੀਂ ਕਰ ਸਕਦਾ।

ਸਿਰਫ ਉਸ ਪ੍ਰਸੰਗ ਦੇ ਅੰਦਰ ਹੀ ਅੰਦੋਲਨ ਫਾਰ ਬਲੈਕ ਲਾਈਫਜ਼ ਦੇ ਮੰਚ ਨੂੰ ਸਮਝਣਾ ਸੰਭਵ ਹੈ, ਅੰਤਰਵਾਦੀ ਸਮਾਜਕ ਨਿਆਂ ਦੀ ਦੁਹਾਈ ਦਿੰਦਾ ਹੈ, ਜਾਂ ਪਿਛਲੇ ਕੁਝ ਹਫਤਿਆਂ ਦੇ ਬਹੁਤ ਸਾਰੇ ਦ੍ਰਿਸ਼।

ਸਿੱਧੇ ਜਿਹੇ ਹਰਫਾਂ ਵਿਚ ਕਹੀਏ ਤਾਂ ਇਕ ਪਾਸੇ ਲੋਕ ਆਪਣੇ ਹੱਕਾਂ ਲਈ ਅਮਨ ਅਮਾਨ ਸ਼ਾਤੀ ਨਾਲ ਰੈਲੀਆਂ ਕਰਕੇ ਇੰਨਸਾਫ਼ ਮੰਗਦੇ ਹਨ, ਦੂਜੇ ਪਾਸੇ ਅੰਤਕ , ਭੰਨ ਤੋੜ , ਇਮਾਰਤਾਂ ਨੂੰ ਅੱਗਾਂ ਲਗਾ ਕੇ ਦੁਕਾਨਾਂ ਨੂੰ ਭੰਨ ਕੇ ਚੌਰੀਆਂ ਕਰਨ ਵਾਲੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜੋ ਸਹੀ ਹਨ, ਅਮਨ ਅਮਾਨ ਚਾਹੁੰਦੇ ਹਨ ਉਹ ਸ਼ਾਤੀ ਨਾਲ ਰੋਸ ਜ਼ਹਿਰ ਕਰਦੇ ਹਨ। ਜੋ ਸਿਰਫ ਲੋਕਾ ਦੀ, ਦੇਸ਼ ਦੀ ਸ਼ਾਤੀ ਭੰਗ ਕਰਨਾ ਚਾਹੁੰਦੇ ਹਨ, ਨਸਵਾਦ ਦਾ ਬੀਜ਼ ਲਗਾਉਂਦੇ ਹਨ ਹਰ ਹਿੰਸਾ ਤੇ ਉਤਰ ਆਉਂਦੇ ਹਨ ਭੰਨ ਤੋੜ ਕਰਦੇ ਹਨ।

ਨਸਲੀ ਸ਼੍ਰੇਣੀਆਂ ਦੀ ਨਿਗਰਾਨੀ, ਦੁਬਾਰਾ ਆਰਥਿਕਤਾ 'ਤੇ ਜ਼ੋਰ, ਦੁਬਾਰਾ ਬਦਲੇ ਦੀ ਮੰਗ, ਵਿਭਿੰਨ ਭਾੜੇ ਦੇ ਨਿਯਮਾਂ ਨੂੰ ਲਾਗੂ ਕਰਨ ਅਤੇ "ਕਾਲੇ ਲੋਕਾਂ" ਅੱਗੇ ਗੋਡੇ ਟੇਕਣ ਵਾਲੇ "ਚਿੱਟੇ ਲੋਕਾਂ" ਦਾ ਵਿਲੱਖਣ ਤਮਾਸ਼ਾ ਸਪਸ਼ਟ ਅਤੇ ਜਾਣਬੁੱਝ ਨਸਲਵਾਦ ਨੂੰ ਜਨਮ ਦੇਣ ਦੇ ਬਰਾਬਰ ਹੈ।

ਪਰਿਭਾਸ਼ਾ ਦੁਆਰਾ, ਉਹ ਲੋਕਾਂ ਨੂੰ ਵੱਖ ਵੱਖ ਨਸਲੀ ਸਮੂਹਾਂ ਵਿੱਚ ਵੰਡਦੇ ਹਨ ਅਤੇ ਹਰੇਕ ਵਰਗ ਨੂੰ ਵੱਖਰੇ ਅਧਿਕਾਰ, ਜ਼ਿੰਮੇਵਾਰੀਆਂ ਅਤੇ ਅਧਿਕਾਰ ਪ੍ਰਦਾਨ ਕਰਦੇ ਹਨ ਉਸੇ ਸਮੇਂ, "ਚਿੱਟੇ ਲੋਕਾਂ" ਤੋਂ ਉੱਪਰ "ਕਾਲੇ ਲੋਕਾਂ" ਦੀ ਇਹ ਉਚਾਈ ਇਤਿਹਾਸਕ ਨਮੂਨੇ ਦਾ ਸਪਸ਼ਟ ਉਲਟ ਹੈ।

ਇਸ ਵਿਚ ਅਮਰੀਕੀ ਸਮਾਜ ਨੂੰ ਨਫ਼ਰਤ ਕਰਨ ਵਾਲਾ ਮਹਾਨ ਨਸਲੀ ਪਾੜਾ ਹੈ। ਇਕ ਪਾਸੇ ਵਿਅਕਤੀਗਤ ਪੱਖੀ, ਨਸਲਵਾਦੀ ਇਕ ਰੰਗੀਨ ਭਵਿੱਖ ਦੀ ਮੰਗ ਕਰ ਰਹੇ ਹਨ, ਇਤਿਹਾਸ ਦੇ ਅਸਮਾਨਤਾਵਾਂ ਨੂੰ ਠੀਕ ਕਰਨ ਬਾਰੇ ਵੱਡੇ ਪੱਧਰ 'ਤੇ ਚਿੰਤਤ ਨਹੀਂ ਹਨ ਦੂਸਰੇ ਪਾਸੇ ਨਸਲਵਾਦੀ ਹਨ ਜੋ ਕੇਵਲ ਇਤਿਹਾਸਕ ਸਮੂਹ ਦੀਆਂ ਤਰਜੀਹਾਂ ਦੇ ਉਚਿਤ ਪੁਨਰ ਵੰਡ ਦੇ ਜ਼ਰੀਏ ਨਿਆਂ ਦੀ ਪ੍ਰਾਪਤੀ ਦੀ ਮੰਗ ਕਰ ਰਹੇ ਹਨ।

ਅਮਰੀਕਾ ਨੂੰ ਕਿਸ ਟੀਚੇ ਦਾ ਪਿੱਛਾ ਕਰਨਾ ਚਾਹੀਦਾ ਹੈ? ਇਹ ਬਿਲਕੁਲ ਨਸਲਾਂ ਬਾਰੇ ਸਪਸ਼ਟ ਗੱਲਬਾਤ ਹੈ ਜਿਸ ਦੀ ਸਾਨੂੰ ਲੋੜ ਹੈ ਆਪਣੇ-ਆਪ ਵਿੱਚ ਚਰਚਾ ਕਰੋ ਤੇ ਸਹੀ ਤੇ ਗਲਤ ਦੀ ਪਰਖ ਖੁਦ-ਬ-ਖੁਦ ਹੋ ਜਾਵੇਗੀ।

# ਕੋਈ ਤਾਂ ਲਛਮਣ ਰੇਖਾ ਖਿੱਚਣੀ ਪਊ

-ਲਕਸ਼ਮੀ ਕਾਂਤਾ ਚਾਵਲਾ

ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਨੇ ਇੱਕ ਲੇਖ ਵਿੱਚ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਪਤਾ ਨਹੀਂ ਆਜ਼ਾਦ ਭਾਰਤ ਵਿੱਚ ਅਵਾਮ ਨੂੰ ਨਿਆਂ ਮਿਲੇਗਾ ਜਾਂ ਬੱਸ ਹਾਕਮ ਹੀ ਬਦਲਣ-ਗੇ। ਭਾਵ, ਗੋਰੇ ਸ਼ਾਸਕਾਂ ਦੀ ਥਾਂ ਹਿੰਦੁਸਤਾਨੀ ਸ਼ਾਸਕ ਹੋਣਗੇ। ਮੈਨੂੰ ਲੱਗਦਾ ਹੈ ਕਿ ਭਗਤ ਸਿੰਘ ਦੀ ਚਿੰਤਾ ਇਕਦਮ ਸਹੀ ਸੀ। ਜਿੰਨੇ ਵੀ ਕ੍ਰਾਂਤੀਕਾਰੀ ਹੋਏ, ਉਨ੍ਹਾਂ ਸਭ ਦਾ ਇੱਕੋ ਸੁਫਨਾ ਸੀ ਕਿ ਦੇਸ਼ ਆਜ਼ਾਦ ਹੋਣ 'ਤੇ ਸਭ ਨੂੰ ਸਮਾਨਤਾ ਮਿਲੇ। ਇੱਜ਼ਤ ਦੀ ਰੋਟੀ ਨਸੀਬ ਹੋਵੇ। ਗਰੀਬ ਅਮੀਰ ਦਾ ਫਰਕ ਖਤਮ ਹੋ ਜਾਵੇ ਅਤੇ ਨਿਆਂ ਦੀ ਅਦਾਲਤ ਵਿੱਚ ਸਭ ਬਰਾਬਰ ਹੋਣ। ਸਹੀ ਗੱਲ ਇਹ ਹੈ ਕਿ ਮੰਜ਼ਿਲ ਉਨ੍ਹਾਂ ਨੂੰ ਮਿਲ ਗਈ, ਜੋ ਸ਼ਰੀਕੇ ਸਫਰ ਨਹੀਂ ਸਨ। ਆਜ਼ਾਦੀ ਦੀ ਲੜਾਈ ਦੀ ਤਪੱਸਿਆ ਜਿਨ੍ਹਾਂ ਨੇ ਕੀਤੀ, ਕੁਝ ਸੰਘਰਸ਼ ਕਰਦੇ ਵਿਦਾ ਹੋ ਗਏ ਅਤੇ ਕੁਝ ਆਜ਼ਾਦੀ ਦੇ ਵੀਹ ਸਾਲ ਬੀਤਦੇ-ਬੀਤਦੇ ਕੁਦਰਤ ਦੇ ਨਿਯਮ ਨਾਲ ਦੁਨੀਆ ਤੋਂ ਰੁਖ਼ਸਤ ਹੋ ਗਏ। ਉਸ ਤੋਂ ਬਾਅਦ ਜੋ ਦੌਰ ਸ਼ੁਰੂ ਹੋਇਆ, ਉਹ 'ਮੈਂ' ਅਤੇ 'ਮੇਰਾ' ਦਾ ਹੈ। ਸਿਫਾਰਸ਼ ਤੇ ਰਿਸ਼ਵਤ ਦਾ ਹੈ। ਧਨ-ਬਲ, ਬਾਹੂ-ਬਲ ਤੇ ਸੱਤਾ-ਬਲ ਦਾ ਹੈ। ਆਮ ਆਦਮੀ ਕਿੰਨਾ ਲਾਚਾਰ ਹੈ, ਇਹ ਅੱਜ ਕੋਰੋਨਾ ਦੀ ਮਹਾਮਾਰੀ ਨੇ ਦਿਖਾ ਦਿੱਤਾ ਹੈ।

ਇਹ ਸੱਚ ਹੈ ਕਿ ਭਾਰਤ ਸਰਕਾਰ ਇਸ ਮਹਾਮਾਰੀ ਤੋਂ ਦੇਸ਼ ਨੂੰ ਬਚਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ, ਪਰ ਆਏ ਦਿਨ ਕੋਈ ਨਾ ਕੋਈ ਅਜਿਹੀ ਘਟਨਾ ਵਾਪਰ ਜਾਂਦੀ ਹੈ, ਜੋ ਦੱਸ ਦਿੰਦੀ ਹੈ ਕਿ ਸੰਵਿਧਾਨ ਵੱਲੋਂ ਮਿਲੇ ਅਧਿਕਾਰ ਉਨ੍ਹਾਂ ਲੋਕਾਂ ਤੱਕ ਨਹੀਂ ਪੁੱਜਦੇ ਜੋ ਕਿਸੇ ਨਾ ਕਿਸੇ ਤਰ੍ਹਾਂ ਸੱਤਾ ਸੰਪੰਨ ਹਨ। ਸੱਚੀ ਗੱਲ ਤਾਂ ਇਹ ਹੈ ਕਿ ਬਹੁਤ ਸਾਰੇ ਲੋਕ ਰੋਜ਼ੀ-ਰੋਟੀ ਅਤੇ ਇੱਕ ਛੱਤ ਦੇ ਚੱਕਰ ਵਿੱਚ ਸਾਰੀ ਜ਼ਿੰਦਗੀ ਘੁੰਮਦੇ ਰਹਿੰਦੇ ਹਨ। ਸਮਾਨਤਾ, ਇੱਜ਼ਤ, ਆਜ਼ਾਦੀ, ਨਿਆਂ ਕੀ ਹੈ, ਉਨ੍ਹਾਂ ਨੂੰ ਪਤਾ ਹੀ ਨਹੀਂ। ਇਸੇ ਦਾ ਨਤੀਜਾ ਹੈ ਕਿ ਕਾਨੂੰਨ ਬਣਾਉਣ ਵਾਲੇ ਅਤੇ ਕਾਨੂੰਨ ਲਾਗੂ ਕਰਵਾਉਣ ਵਾਲੇ ਵੀ ਮਨਮਾਨੀ ਕਰਦੇ ਹਨ। ਸੜਕਾਂ 'ਤੇ ਕਿਸੇ ਨਾ ਕਿਸੇ ਨੂੰ ਕੁੱਟਣ ਵਾਲੇ ਪੁਲਸ ਮੁਲਾਜ਼ਮਾਂ ਨਾਲੋਂ ਜ਼ਿਆਦਾ ਸ਼ਿਕਾਇਤ ਉਨ੍ਹਾਂ ਤੋਂ ਰਹਿੰਦੀ ਹੈ ਜੋ ਲੋਕ ਆਲੇ ਦੁਆਲੇ ਖੜ੍ਹੇ ਹੋ ਕੇ ਬੇਵੱਸ ਇਸ ਸਭ ਨੂੰ ਦੇਖਦੇ ਰਹਿੰਦੇ ਹਨ। ਕੁਝ ਹਿੰਮਤ ਵਾਲੇ ਹਨ ਜੋ ਮੋਬਾਈਲ ਦੀ ਸੁਚੱਜੀ ਵਰਤੋਂ ਕਰ ਕੇ ਵੀਡੀਓ ਬਣਾ ਕੇ ਜਨਤਾ ਨੂੰ ਦੱਸ ਦਿੰਦੇ ਹਨ ਕਿ ਕਿੱਥੇ ਕੀ ਹੋਇਆ ਅਤੇ ਵੀਡੀਓ ਹੀ ਸ਼ਾਇਦ ਅੱਜ ਸਰਕਾਰਾਂ, ਕਾਨੂੰਨ ਦੇ ਰਾਖਿਆਂ ਨੂੰ ਜਗਾਉਣ ਦਾ ਸਾਧਨ ਬਣ ਗਿਆ ਹੈ।

ਕੁਝ ਦਿਨ ਪਹਿਲਾਂ ਜੋਧਪੁਰ ਦੇ ਬਾਜ਼ਾਰ ਵਿੱਚ ਇੱਕ ਨੌਜਵਾਨ ਨੂੰ ਜਿਸ ਬੇਰਹਿਮੀ ਨਾਲ ਕੁੱਟਿਆ ਗਿਆ, ਉਸ ਨੂੰ ਸੜਕ 'ਤੇ ਸੁੱਟਿਆ ਅਤੇ ਉਸ ਦੀ ਗਰਦਨ 'ਤੇ ਗੋਡਾ ਰੱਖ ਕੇ ਪੁਲਸ ਵਾਲਾ ਉਵੇਂ ਹੀ ਬੈਠ ਗਿਆ ਜਿਵੇਂ ਜਾਰਜ ਫਲਾਇਡ ਦੀ ਗਰਦਨ 'ਤੇ ਘਾਤਕ ਗੋਡਾ ਰੱਖ ਕੇ ਅਮਰੀਕਾ ਦਾ ਪੁਲਸ ਵਾਲਾ ਬੈਠਾ ਸੀ। ਮੈਂ ਕਦੇ ਵੀ ਨਹੀਂ ਚਾਹਾਂਗੀ ਕਿ ਮੇਰੇ ਦੇਸ਼ ਵਿੱਚ ਉਸ ਤਰ੍ਹਾਂ ਦੇ ਹਿੰਸਕ ਪ੍ਰਦਰਸ਼ਨ ਹੋਣ, ਜਿਹੋ ਜਿਹੇ ਅਮਰੀਕਾ ਵਿੱਚ ਹੋ ਰਹੇ ਹਨ, ਪਰ ਲੋਕਾਂ ਦਾ ਗੁੱਸਾ ਜ਼ਾਹਰ ਹੋਣਾ ਚਾਹੀਦਾ ਹੈ। ਇਨ੍ਹੀਂ ਦਿਨੀਂ ਦਰਜਨਾਂ ਵਾਰ ਦੇਖਿਆ ਗਿਆ ਹੈ ਕਿ ਕਦੇ ਲਾਕਡਾਊਨ ਤੋੜਨ ਦੇ ਨਾਂਅ 'ਤੇ, ਕਦੇ ਮਾਸਕ ਨਾ ਪਾਉਣ ਦੇ ਨਾਂਅ 'ਤੇ ਸੜਕਾਂ 'ਤੇ ਨਾਗਰਿਕਾਂ ਨੂੰ ਮੁਰਗਾ ਬਣਾਇਆ ਗਿਆ, ਲੰਮੇ ਪੈ ਕੇ ਅੱਗੇ ਵਧਣ ਲਈ ਮਜਬੂਰ ਕੀਤਾ, ਠੀਕ ਉਸੇ ਤਰ੍ਹਾਂ ਜਿਵੇਂ ਅੰਗਰੇਜ਼ਾਂ ਨੇ 1919 ਵਿੱਚ ਅੰਮ੍ਰਿਤਸਰ ਦੇ ਖੂਹ ਕੌੜੀਆਂ ਵਾਲਾ ਵਿੱਚ ਕੀਤਾ ਸੀ। ਇਸ ਦਾ ਵਿਰੋਧ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਕਿਹਾ ਸੀ ਕਿ ਉਨ੍ਹਾਂ ਨੇ ਇਹ ਕਦੇ ਨਹੀਂ ਕਿਹਾ ਸੀ ਕਿ ਕੋਰੋਨਾ ਵਾਈਅਰਜ਼ ਜਨਤਾ ਨੂੰ ਕੰਟਰੋਲ ਕਰਨ ਦੇ ਨਾਂਅ 'ਤੇ ਬਦਸਲੂਕੀ ਕਰਨ, ਅਣਮਨੁੱਖੀ ਵਿਹਾਰ ਕਰਨ।

ਇਸ ਵਿੱਚ ਸ਼ੱਕ ਨਹੀਂ ਕਿ ਦੇਸ਼ ਦੀ ਪੁਲਸ ਤੇ ਹੋਰ ਸੁਰੱਖਿਆ ਬਲ ਕੋਰੋਨਾ ਨਾਲ ਲੜਨ ਵਿੱਚ ਵੱਡੀ ਭੂਮਿਕਾ ਨਿਭਾ ਰਹੇ ਹਨ, ਪਰ ਕੁਝ ਕਰਮਚਾਰੀ ਦੁਰਵਿਹਾਰ ਸਦਕਾ ਸਾਰੀ ਪੁਲਸ ਫੋਰਸ ਨੂੰ ਬਦਨਾਮ ਕਰ ਦਿੰਦੇ ਹਨ। ਇਹ ਤਾਂ ਗੱਲ ਹੋ ਗਈ ਕਾਨੂੰਨ ਦੇ ਰਾਖਿਆਂ ਦੀ। ਕਾਨੂੰਨ ਘਾੜੇ ਕੀ ਕਰ ਰਹੇ ਹਨ। ਇਹ ਘਟਨਾ ਇਕਦਮ ਤਾਜ਼ਾ ਹੈ। ਹਿਸਾਰ ਵਿੱਚ ਇੱਕ ਸਿਆਸੀ ਮਹਿਲਾ ਨੇਤਾ ਨੇ ਨੈਤਿਕਤਾ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਸਰਕਾਰੀ ਮੁਲਾਜ਼ਮ ਨੂੰ ਕੁੱਟ ਦਿੱਤਾ ਥੱਪੜਾਂ, ਜੁੱਤੀਆਂ ਨਾਲ। ਉਸ ਨੇ ਆਪਣੇ ਸੈਂਡਲ ਦੀ ਖੂਬ ਵਰਤੋਂ ਕੀਤੀ। ਇਥੇ ਵੀ ਘੁੰਮ-ਫਿਰ ਕੇ ਗੱਲ ਉਹੀ ਆਉਂਦੀ ਹੈ ਕਿ ਕੁੱਟ ਖਾਣ ਵਾਲੇ ਕਰਮਚਾਰੀ ਦੇ ਸਾਥੀ ਕਰਮਚਾਰੀ ਉਥੇ ਸਨ। ਮਹਿਲਾ ਨੇਤਾ ਦੇ ਹਮਾਇਤੀ ਵੀ ਉਥੇ ਸਨ। ਕੁਝ ਆਮ ਲੋਕ ਵੀ ਹੋਣਗੇ, ਪਰ ਪਤਾ ਨਹੀਂ ਕਿਉਂ ਸੱਤਾ ਦਾ ਸਹਿਮ ਇੰਨਾ ਆਜ਼ਾਦ ਭਾਰਤ ਦੇ ਗੁਲਾਮ ਦਿਲਾਂ ਵਿੱਚ ਘਰ ਕਰ ਗਿਆ ਕਿ ਸਭ ਗੂੰਗੇ-ਬੋਲੇ ਹੋ ਗਏ। ਸ਼ਾਬਾਸ਼ ਉਨ੍ਹਾਂ ਨੂੰ ਦੇਣੀ ਹੋਵੇਗੀ, ਜੋ ਵੀਡੀਓ ਬਣਾ ਕੇ ਪੂਰੀ ਦੁਨੀਆ ਨੂੰ ਦੱਸ ਦਿੰਦੇ ਹਨ ਕਿ ਨੇਤਾ ਜੀ ਦੇ ਹੱਥ ਅਤੇ ਉਨ੍ਹਾਂ ਦੀ ਜ਼ੁਬਾਨ ਸੱਤਾ ਦੇ ਸਵਾਦ ਨੂੰ ਚੱਖਦੇ ਹੋਏ ਬੇਕਾਬੂ ਹੋ ਗਏ ਹਨ।

ਦੇਸ਼ ਵਿੱਚ ਇੱਕ ਨਹੀਂ, ਅਨੇਕ ਘਟਨਾਵਾਂ ਅਜਿਹੀਆਂ ਹੋਈਆਂ ਹਨ ਜਿੱਥੇ ਕਦੇ ਕਾਨੂੰਨ ਬਣਾਉਣ ਵਾਲੇ ਜਾਂ ਕਾਨੂੰਨ ਦੀ ਰਾਖੀ ਕਰਨ ਵਾਲੇ ਸਭ ਤਰ੍ਹਾਂ ਦੇ ਕਾਨੂੰਨ ਵਿਰੋਧੀ ਕੰਮ ਕਰਦੇ ਹਨ। ਪਿੱਛੇ ਜਿਹੇ ਇੰਦੌਰ ਵਿੱਚ ਇੱਕ ਨੇਤਾ ਦੇ ਪੁੱਤਰ ਨੇ ਕ੍ਰਿਕਟ ਬੈਟ ਨਾਲ ਅਧਿਕਾਰੀ ਨੂੰ ਕੁੱਟ ਦਿੱਤਾ। ਦੋ ਚਾਰ ਦਿਨ ਰੌਲਾ ਰੱਪਾ ਪਿਆ। ਉਸ ਤੋਂ ਬਾਅਦ ਚੁੱਪ ਛਾਂ ਗਈ। ਮੁੰਬਈ ਵਿੱਚ ਨਗਰ ਨਿਗਮ ਦੇ ਇੱਕ ਇੰਜੀਨੀਅਰ 'ਤੇ ਚਿੱਕੜ ਸੁੱਟ ਦਿੱਤਾ ਗਿਆ। ਇਹ ਕੰਮ ਵੀ ਲੋਕ ਨੁਮਾਇੰਦਿਆਂ ਨੇ ਕੀਤਾ। ਅਫਸੋਸ ਇਹ ਹੈ ਕਿ ਉਨ੍ਹਾਂ ਦੇ ਨਾਲ ਜੋ ਸਮਰਥਕ ਪਾਰਟੀ ਕਾਰਕੁਨ ਹੁੰਦੇ ਹਨ, ਉਹ ਤਾੜੀਆਂ ਵਜਾ ਕੇ ਆਪਣੇ ਨੇਤਾ ਦੇ ਦੁਰਸਾਹਸ ਦੀ ਇੰਝ ਪ੍ਰਸ਼ੰਸਾ ਕਰਦੇ ਹਨ ਜਿਵੇਂ ਉਹ ਚੀਨ ਨੂੰ ਜਿੱਤ ਕੇ ਆਇਆ ਹੋਵੇ। ਅੰਮ੍ਰਿਤਸਰ ਵਿੱਚ ਵੀ ਅਜਿਹਾ ਹੋ ਚੁੱਕਾ ਹੈ। ਚੌਕ ਵਿੱਚ ਪੁਲਸ ਅਧਿਕਾਰੀ ਨੂੰ ਥੱਪੜ ਜੜ ਦਿੱਤਾ ਗਿਆ। ਜ਼ਿਲੇ ਦੇ ਸੀਨੀਅਰ ਪੁਲਸ ਅਧਿਕਾਰੀ ਵਿਰੁੱਧ ਇੰਨੇ ਅਪਮਾਨ ਜਨਕ ਸ਼ਬਦ ਵਰਤੇ ਗਏ ਕਿ ਉਨ੍ਹਾਂ ਦਾ ਜ਼ਿਕਰ ਕਰਨ ਲੱਗਿਆਂ ਵੀ ਸ਼ਰਮ ਆਉਂਦੀ ਹੈ।

ਪੰਜਾਬ ਦੇ ਇੱਕ ਨੇਤਾ ਜੀ ਉਸ ਸੀਟ 'ਤੇ ਬੈਠੇ ਸਨ ਜਿੱਥੇ ਉਹ ਜਿਸ ਨੂੰ ਚਾਹੇ ਬੁਲਾ ਕੇ ਦੋਸ਼ ਲਾ ਕੇ ਦਫਤਰ ਦੇ ਬਾਹਰ ਖੜ੍ਹਾ ਕਰ ਲੈਂਦੇ ਸਨ। ਇੱਕ ਵਾਰ ਮੈਂ ਇਸ ਜਨ ਪ੍ਰਤੀਨਿਧੀ ਨੇਤਾ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਦੇ ਲਈ ਕੋਈ ਲਛਮਣ ਰੇਖਾ ਨਹੀਂ ਹੈ, ਜੋ ਚੋਣ ਜਿੱਤ ਕੇ ਆਪ ਹੁਦਰੀਆਂ ਕਰਦੇ ਹਨ? ਅਜੇ ਪਿੱਛੇ ਜਿਹੇ ਇੱਕ ਵਿਧਾਇਕ ਨੇ ਪੰਜਾਬ 'ਚ ਡੀ ਐਸ ਪੀ ਨੂੰ ਕਹਿ ਦਿੱਤਾ ਸੀ ਕਿ ਕਿਤੇ ਅਜਿਹਾ ਨਾ ਹੋਵੇ ਕਿ ਇਸੇ ਥਾਣੇ 'ਚ ਪੁਲਸ ਵਾਲਿਆਂ ਨੂੰ ਲੰਮੇ ਪਾ ਕੇ ਕੁੱਟਿਆ ਜਾਵੇ। ਨਾ ਕਿਸੇ ਉੱਚ ਅਫਸਰ, ਨਾ ਲੋਕ ਪ੍ਰਤੀਨਿਧਾਂ ਦੇ ਮੁਖੀ ਦੀ ਇੰਨੀ ਹਿੰਮਤ ਹੁੰਦੀ ਹੈ ਕਿ ਉਹ ਕਾਨੂੰਨ ਦੇ ਰਖਵਾਲਿਆਂ ਅਤੇ ਕਾਨੂੰਨ ਘਾੜਿਆਂ 'ਤੇ ਕਾਬੂ ਰੱਖ ਸਕਣ। ਸ਼ਾਇਦ ਇਸੇ ਦਾ ਨਤੀਜਾ ਹੈ ਕਿ ਜਨਤਾ ਕਿਤੇ ਸਬਰ ਗੁਆ ਬੈਠਦੀ ਹੈ। ਵੈਸੇ ਜਨਤਾ ਦੇ ਸਬਰ ਗੁਆਉਣ ਦਾ ਨਤੀਜਾ ਉਸੇ ਤਰ੍ਹਾਂ ਦਾ ਹੁੰਦਾ ਹੈ ਕਿ ਘੜਾ ਇੱਟ 'ਤੇ ਲੱਗੇ ਜਾਂ ਇੱਟ ਘੜੇ 'ਤੇ, ਟੁੱਟਣਾ ਘੜੇ ਨੇ ਹੀ ਹੈ। ਕੇਸ ਤਾਂ ਜਨਤਾ 'ਤੇ ਹੀ ਬਣਦੇ ਹਨ। ਲਾਠੀਆਂ ਵੀ ਲੋਕਾਂ ਨੂੰ ਹੀ ਪੈਂਦੀਆਂ ਹਨ। ਕੀ ਇਸ ਦਾ ਕੋਈ ਹੱਲ ਦੇਸ਼ ਦੇ ਰਾਖੇ ਕੱਢ ਸਕਣਗੇ?

# ਵਰਕ ਫਰਾਮ ਹੋਮ ਵਰਦਾਨ ਜਾਂ ਸਰਾਪ

-ਡਾ. ਲਖਵਿੰਦਰ ਸਿੰਘ ਗਿੱਲ-

ਹਰ ਚੀਜ਼ ਦੇ ਚੰਗੇ-ਮਾੜੇ ਪੱਖ ਹੁੰਦੇ ਹਨ। ਕੋਰੋਨਾ ਮਹਾਂਮਾਰੀ ਨੇ ਲੋਕਾਂ ਦੀਆਂ ਜਾਨਾਂ ਲਈਆਂ ਹਨ, ਪਰ ਬਹੁਤ ਕੁਝ ਨਵਾਂ ਵੀ ਸਾਨੂੰ ਦਿੱਤਾ ਹੈ ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀਂ ਸੀ। ਹੁਣ ਤੱਕ ਇਨਸਾਨਾਂ ਦੇ ਆਪਸੀ ਮੇਲ-ਮਿਲਾਪ ਵਧਾਉਣ ਦੀ ਗੱਲ ਹੀ ਹੁੰਦੀ ਰਹੀ ਹੈ। ਸਮਾਜਕ ਦੂਰੀਆਂ ਘਟਾਉਣ ਦੀ ਗੱਲ ਹੁੰਦੀ ਰਹੀ ਹੈ, ਪਰ ਕਦੇ ਕਿਸੇ ਨੇ ਇਨਸਾਨਾਂ ਵਿੱਚ ਇੰਨੇ ਵੱਡੇ ਪੱਧਰ 'ਤੇ ਸਮਾਜਕ ਦੂਰੀ (ਸੋਸ਼ਲ ਡਿਸਟੈਂਸਿੰਗ) ਬਣਾਉਣ ਦੀ ਵਕਾਲਤ ਨਹੀਂ ਕੀਤੀ। ਸੋਸ਼ਲ ਡਿਸਟੈਂਸਿੰਗ ਨੇ ਵੀਡੀਓ ਕਾਨਫਰੰਸ, ਆਨਲਾਈਨ ਟੀਚਿੰਗ ਅਤੇ ਵਰਕ ਫਰਾਮ ਹੋਮ ਜਿਹੇ ਕੰਸੈਪਟ ਦਿੱਤੇ ਹਨ, ਜੋ ਅੱਜ ਹਰ ਕਿਸੇ ਦੀ ਜ਼ੁਬਾਨ 'ਤੇ ਹਨ। ਓਧਰ ਕਾਰਪੋਰੇਟ ਘਰਾਣਿਆਂ ਲਈ ਆਪਣੇ ਕਾਰੋਬਾਰ ਨੂੰ ਤੋਰੀ ਰੱਖਣਾ ਵੀ ਅਹਿਮ ਸੀ।

ਸਰਕਾਰਾਂ ਨੂੰ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਦਫਤਰੀ ਕੰਮ ਕਰਾਉਣਾ ਜ਼ਰੂਰੀ ਸੀ। ਇਸ ਕਾਰਨ ਵਰਕ ਫਰਾਮ ਹੋਮ ਵਾਲਾ ਕੰਸੈਪਟ ਸਮੇਂ ਦੀ ਮੰਗ ਬਣ ਗਿਆ। ਜਦੋਂ ਹਰ ਕਰਮਚਾਰੀ ਘਰੋਂ ਸਾਰਾ ਕੰਮ ਕਰਦਾ ਪਿਆ ਹੋਵੇਗਾ ਤਾਂ ਖਾਸ ਤੌਰ 'ਤੇ ਕਾਰਪੋਰੇਟ ਕੰਪਨੀਆਂ ਨੂੰ ਆਪਣੇ ਮੁਲਾਜ਼ਮਾਂ ਨੂੰ ਦਿੱਤੇ ਜਾਂਦੇ ਸਜੇ-ਸਜਾਏ ਦਫਤਰ ਤੇ ਇਨ੍ਹਾਂ ਵਿੱਚ ਦਿੱਤੀਆਂ ਪੰਜ ਤਾਰਾ ਹੋਟਲ ਵਰਗੀਆਂ ਸਹੂਲਤਾਂ 'ਤੇ ਕੀਤਾ ਖਰਚ ਫਜ਼ੂਲ ਲੱਗਣ ਲੱਗਾ ਹੈ। ਕਈ ਬਹੁਕੌਮੀ ਕੰਪਨੀਆਂ ਤਾਂ ਆਪਣੇ ਮੁਲਾਜ਼ਮਾਂ ਨੂੰ ਮੁਫਤ ਚਾਹ, ਕੌਫੀ ਤੋਂ ਇਲਾਵਾ ਨਾਸ਼ਤਾ ਤੇ ਦੁਪਹਿਰ ਦਾ ਖਾਣਾ ਵੀ ਦੇਂਦੀਆਂ ਹਨ। ਜਦੋਂ ਉਨ੍ਹਾਂ ਦੇ ਮੁਲਾਜ਼ਮ ਦਫਤਰਾਂ ਵਿੱਚ ਨਾ ਆ ਸਕੇ ਤਾਂ ਉਹ ਘਰੋਂ ਸਾਰਾ ਕੰਮ ਕਰੀ ਗਏ। ਉਨ੍ਹਾਂ ਨਾਲ ਮੀਟਿੰਗ ਵੀ ਵੀਡੀਓ ਕਾਨਫਰੰਸ ਰਾਹੀਂ ਹੀ ਹੋਣ ਲੱਗ ਪਈ। ਕਈ ਸਨਅਤੀ ਘਰਾਣਿਆਂ ਨੂੰ ਮੌਜਾਂ ਲੱਗ ਗਈਆਂ।

ਵਰਕ ਫਰਾਮ ਹੋਮ ਕਲਚਰ ਨੇ ਸਿਰਫ ਕੰਪਨੀਆਂ ਨੂੰ ਹੀ ਲਾਭ ਨਹੀਂ ਪੁਚਾਇਆ, ਦਫਤਰੀ ਅਮਲੇ ਨੂੰ ਤਾਲਾਬੰਦੀ ਤੇ ਕਰਫਿਊ ਦੌਰਾਨ ਗੱਡੀਆਂ ਦੀ ਆਵਾਜਾਈ ਤੋਂ ਪੈਦਾ ਹੋਣ ਵਾਲੇ ਹਵਾ ਤੇ ਸ਼ੋਰ ਪ੍ਰਦੂਸ਼ਣ ਤੋਂ ਵੀ ਛੁਟਕਾਰਾ ਮਿਲਿਆ ਸੀ। ਕੋਰੋਨਾ ਲਾਕਡਾਊਨ ਦੌਰਾਨ ਹਵਾ ਅਤੇ ਆਕਾਸ਼ ਬਿਲਕੁਲ ਸਾਫ ਹੋ ਗਏ ਅਤੇ ਬਨਸਪਤੀ 'ਤੇ ਰੌਣਕ ਆ ਗਈ। ਮੁਲਾਜ਼ਮ ਆਪਣੀ ਥਾਂ ਖੁਸ਼ ਹਨ ਕਿਉਂਕਿ ਉਹ ਰੋਜ਼ ਤਿਆਰ ਹੋਣ ਦੇ ਝੰਜਟ, ਟਰੈਫਿਕ ਜਾਮ ਦੀ ਖਿਝਾ, ਵੇਲੇ ਸਿਰ ਦਫਤਰ ਪੁੱਜਣ ਦੇ ਰੋਜ਼ ਦੇ ਮਾਨਸਿਕ ਤਣਾਅ ਤੋਂ ਮੁਕਤ ਹੋ ਗਏ। ਬੈਡਰੂਮ 'ਚ ਆਰਾਮ ਨਾਲ ਦਫਤਰੀ ਕੰਮ ਕਰਨਾ ਉਨ੍ਹਾਂ ਨੂੰ ਸੌਖਾ ਲੱਗ ਰਿਹਾ ਸੀ। ਨਾਲੇ ਆਉਣ-ਜਾਣ ਲਈ ਪੈਟਰੋਲ ਆਦਿ 'ਤੇ ਕੋਈ ਖਰਚਾ ਨਾ ਹੋਣ ਕਰ ਕੇ ਮੁਲਾਜ਼ਮ ਵਰਕ ਫਰਾਮ ਹੋਮ ਹੋਣ 'ਤੇ ਸੌਖ ਮਹਿਸੂਸ ਕਰਦੇ ਸਨ। ਦਫਤਰੀ ਕੰਮ ਦੇ ਇਸ ਨਵੇਂ ਢੰਗ ਨਾਲ ਉਹ ਆਜ਼ਾਦੀ ਵੀ ਮਹਿਸੂਸ ਕਰਦੇ ਰਹੇ ਕਿਉਂਕਿ ਦਫਤਰ ਆਉਣ-ਜਾਣ ਦਾ ਸਮਾਂ ਬਚ ਜਾਣ ਕਾਰਨ ਇਸ ਸਮੇਂ ਨੂੰ ਉਹ ਆਪਣੇ ਪਰਵਾਰ ਵਿੱਚ ਬੈਠ ਕੇ ਬਿਤਾਉਂਦੇ ਹਨ। ਹਾਲਾਤ ਦਾ ਫਾਇਦਾ ਲੈਂਦੇ ਹੋਏ ਦੁਨੀਆ ਦੇ ਚੋਟੀ ਦੇ ਕਾਰਪੋਰੇਟ ਘਰਾਣੇ ਜਿਵੇਂ ਫੇਸਬੁਕ ਅਤੇ ਗੂਗਲ ਆਦਿ ਨੇ ਵਰਕ ਫਰਾਮ ਹੋਮ ਨੂੰ ਪੱਕੇ ਤੌਰ 'ਤੇ ਅਪਣਾਉਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਉਹ ਕਿਸੇ ਵੀ ਮਾਹਰ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਤੋਂ ਚੁਣਨਗੇ, ਆਨਲਾਈਨ ਇੰਟਰਵਿਊ ਕਰਨਗੇ, ਆਨਲਾਈਨ ਕੰਮ ਕਰਾਉਣਗੇ, ਆਨਲਾਈਨ ਬਣਦਾ ਭੱਤਾ



ਦੇਣਗੇ ਅਤੇ ਗੱਲ ਖਤਮ। ਕੋਰੋਨਾ ਦਾ ਕਹਿਰ ਜਾਰੀ ਰਿਹਾ ਤਾਂ ਹੋ ਸਕਦਾ ਹੈ ਕਿ ਮਾਲਕ ਆਪਣੇ ਮੁਲਾਜ਼ਮ ਨੂੰ ਕਦੇ ਮਿਲੇ ਵੀ ਨਾ, ਭਾਵੇਂ ਉਹ ਮੁਲਾਜ਼ਮ ਮਾਲਕ ਲਈ ਬਹੁਤ ਅਹਿਮ ਵਿਅਕਤੀ ਹੋਵੇ।

ਕਈ ਅਦਾਰਿਆਂ ਵਿੱਚ ਵਰਕ ਫਰਾਮ ਹੋਮ ਅਜੇ ਬਣੇ ਰਹਿਣ ਦੀ ਸੰਭਾਵਨਾ ਹੈ। ਇਸ ਸਦਕਾ ਜੋ ਇੱਕ ਅਹਿਮ ਸਮਾਜਕ ਤਬਦੀਲੀ ਆਉਣ ਵਾਲੀ ਹੈ, ਉਹ ਇਹ ਕਿ ਲੋਕ ਮਹਿੰਗੇ ਸ਼ਹਿਰੀ ਘਰ ਛੱਡ ਕੇ ਸ਼ਹਿਰੋਂ ਬਾਹਰ ਸਸਤੀਆਂ ਰਿਹਾਇਸ਼ਾਂ ਵੱਲ ਆਉਣਗੇ। ਘਰਾਂ ਵਿੱਚ ਦੋ-ਦੋ, ਤਿੰਨ ਤਿੰਨ ਗੱਡੀਆਂ ਦੀ ਲੋੜ ਵੀ ਨਹੀਂ ਪਵੇਗੀ। ਪੇਂਡੂ ਖੇਤਰਾਂ ਤੋਂ ਸ਼ਹਿਰ ਵੱਲ ਭੱਜਣ ਦਾ ਰੁਝਾਨ ਘਟੇਗਾ। ਡੀਜ਼ਲ-ਪੈਟਰੋਲ ਦੀ ਖਪਤ ਘਟੇਗੀ, ਬੈਂਕਾਂ ਤੋਂ ਹੋਮ ਅਤੇ ਕਾਰ ਲੋਨ ਦੀ ਮੰਗ ਘਟੇਗੀ ਆਦਿ। ਇਸ ਤਰ੍ਹਾਂ ਦੁਨੀਆ ਦੇ ਸਮੁੱਚੇ ਅਰਥਚਾਰੇ ਦੇ ਸਮੀਕਰਨ ਬਦਲਣਗੇ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਘਰੋਂ ਕੰਮ ਕਰਨ ਦਾ ਇਹ ਸਭਿਆਚਾਰ ਇਨਸਾਨ ਦੇ ਸਮੁੱਚ ਵਿਕਾਸ ਪੱਖੋਂ ਕਿੰਨਾ ਕੁ ਸਹੀ ਹੈ? ਇਥੇ ਇਸ ਗੱਲ ਨੂੰ ਕਦੇ ਨਾ ਭੁੱਲੀਏ ਕਿ ਬੰਦਾ ਸਮਾਜਕ ਪ੍ਰਾਣੀ ਹੈ। ਸਮਾਜ ਦੇ ਦੂਜੇ ਜੀਵਾਂ ਨਾਲ ਵਿਚਰ ਕੇ ਉਸ ਨੂੰ ਵੱਖਰੀ ਤਰ੍ਹਾਂ ਦਾ ਸਕੂਨ ਮਿਲਦਾ ਹੈ। ਅਸੀਂ ਪਿਛਲੇ ਦਿਨਾਂ ਵਿੱਚ ਵੇਖਿਆ ਹੈ ਕਿ ਆਪਣੇ ਘਰਾਂ ਵਿੱਚ ਬੈਠੇ ਲੋਕ ਕਿਵੇਂ ਤ੍ਰਾਹ-ਤ੍ਰਾਹ ਕਰਨ ਲੱਗ ਪਏ ਸਨ। ਇੱਕ ਅਧਿਐਨ ਅਨੁਸਾਰ ਲਾਕਡਾਊਨ ਹੇਠ ਘਰੇ ਬੈਠੇ ਪੜ੍ਹੇ-ਲਿਖੇ ਚਾਰ ਫੀਸਦੀ ਤੋਂ ਵੀ ਵੱਧ ਲੋਕਾਂ ਨੂੰ ਜ਼ਿੰਦਗੀ ਬੇਅਰਥ ਲੱਗਣ ਲੱਗ ਪਈ ਸੀ। ਇਸ ਦੌਰਾਨ ਕਮਜ਼ੋਰ ਦਿਲਾਂ ਵਾਲੇ ਕਈ ਵਿਅਕਤੀਆਂ ਨੇ ਖੁਦਕੁਸ਼ੀ ਤੱਕ ਕਰ ਲਈ ਸੀ। ਕਈਆਂ ਨੂੰ ਕਈ ਨਾਮੁਰਾਦ ਬਿਮਾਰੀਆਂ ਲੱਗੀਆਂ ਹੋਣ ਦਾ ਅਹਿਸਾਸ ਹੋਣਾ ਅਚਾਨਕ ਸ਼ੁਰੂ ਹੋ ਗਿਆ। ਇਸ ਲਈ ਜਦੋਂ ਨੌਜਵਾਨ ਪੀੜ੍ਹੀ ਨੇ ਘਰੇ ਰਹਿ ਕੇ ਹੀ ਕੰਮ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਹ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਸਹੇੜ ਲਵੇਗੀ। ਵੈਸੇ ਵੀ ਬੰਦਾ ਇੱਕ ਦੂਸਰੇ ਤੋਂ ਸਿੱਖਦਾ ਹੈ। ਇਕੱਠਿਆਂ ਬਹਿ ਕੇ ਆਪਣੇ ਸਹਿ ਕਰਮੀਆਂ ਨਾਲ ਦੁੱਖ ਸੁੱਖ ਵੰਡਦਾ ਹੈ। ਦਫਤਰ ਵਿੱਚ ਲੋਕ ਆਪਸ ਵਿੱਚ ਬੈਠ ਕੇ ਗੱਲਬਾਤ ਰਾਹੀਂ ਕਈ ਸਮੱਸਿਆਵਾਂ ਦਾ ਹੱਲ ਲੱਭਦੇ ਹਨ। ਦੁੱਖ ਸੁੱਖ ਫੋਲਦੇ ਹਨ, ਜਿਸ ਕਾਰਨ ਉਨ੍ਹਾਂ ਦਾ ਮਨ ਹੌਲਾ ਹੁੰਦਾ ਹੈ।

ਕਹਿੰਦੇ ਹਨ ਕਿ ਖੁਸ਼ੀ ਵੰਡਾਇਆਂ ਵਧਦੀ ਹੈ ਤੇ ਦੁੱਖ ਵੰਡਾਇਆਂ ਘੱਟਦਾ ਹੈ। ਨਤੀਜੇ ਵਜੋਂ ਉਹ ਆਮ ਲੋਕਾਂ ਵਾਂਗ ਸਮਾਜ ਵਿੱਚ ਵਿਚਰਦੇ ਸਨ। ਜੇ ਵਰਕ ਫਰਾਮ ਹੋਮ ਲੋਕਾਂ ਦੀ ਜ਼ਿੰਦਗੀ ਦਾ ਸਥਾਈ ਹਿੱਸਾ ਬਣ ਗਿਆ ਤਾਂ ਇਹ ਜ਼ਿੰਦਗੀ ਬੈਡਰੂਮ ਤੇ ਰਸੋਈ ਤੱਕ ਸੀਮਿਤ ਹੋ ਜਾਵੇਗੀ। ਮੁਲਾਜ਼ਮ ਸੋਚੇਗਾ ਕਿ ਉਸ ਦੀ ਜ਼ਿੰਦਗੀ ਦਾ ਮਕਸਦ ਸਿਰਫ ਆਪਣੇ ਬੌਸ ਦੀ ਹਦਾਇਤ 'ਤੇ ਇੱਕ ਕਮਰੇ ਵਿੱਚ ਬਹਿ ਕੇ ਗੁਲਾਮਾਂ ਵਾਂਗ ਕੰਮ ਹੀ ਕਰਨਾ ਤੇ ਮਗਰੋਂ ਉਸੇ ਕਮਰੇ ਵਿੱਚ ਸੌਂ ਜਾਣਾ ਹੈ। ਇਹ ਅਹਿਸਾਸ ਉਹਨੂੰ ਇੱਕ ਤੰਦਰੁਸਤ ਸ਼ਹਿਰੀ ਨਹੀਂ ਰਹਿਣ ਦੇਵੇਗਾ, ਜੋ ਇੱਕ ਤੰਦਰੁਸਤ ਦੇਸ਼ ਜਾਂ ਸਮਾਜ ਲਈ ਚੰਗੀ ਗੱਲ ਨਹੀਂ ਹੋਵੇਗੀ। ਬਿਹਤਰ ਹੋਵੇਗਾ ਜੇ ਵਰਕ ਫਰਾਮ ਹੋਮ ਨੂੰ ਕਦੇ-ਕਦੇ ਲੋੜ ਅਨੁਸਾਰ ਆਪਣ-ਾਇਆ ਜਾਵੇ। ਇੰਝ ਮੁਲਾਜ਼ਮਾਂ ਨੂੰ ਦਫਤਰ ਤੋਂ ਆਜ਼ਾਦੀ ਦਾ ਅਹਿਸਾਸ ਵੀ ਹੁੰਦਾ ਰਹੇਗਾ ਅਤੇ ਸਮਾਜ ਨੂੰ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਮਨੋਵਿਗਿਆਨਕ ਲਾਹੇ ਵੀ ਮਿਲਦੇ ਰਹਿਣਗੇ। ਸਮਾਜ ਲਈ ਕੰਮ ਜ਼ਰੂਰੀ ਹੈ, ਪਰ ਸਮਾਜ ਵਿੱਚ ਰਹਿਣ ਵਾਲੇ ਲੋਕਾਂ ਦੀ ਸਰੀਰਕ ਅਤੇ ਮਨੋਵਿ-ਗਿਆਨਕ ਸਿਹਤ ਵੀ ਸਮਾਜ ਲਈ ਓਨੀ ਹੀ ਜ਼ਰੂਰੀ ਹੈ।

# ਸਰਕਾਰ ਲੋਕਾਂ ਨੂੰ ਆਸਵੰਦ ਕਰਨ ਲਈ 'ਰਿਕਵਰੀ ਦਰ' ਦੀ ਗੱਲ ਕਿਉਂ ਕਰਦੀ ਹੈ

-ਆਕਾਰ ਪਟੇਲ-

ਸਰਕਾਰ ਦਾ ਕਹਿਣਾ ਹੈ ਕਿ ਅਸੀਂ ਦੇਸ਼ ਪੱਧਰੀ ਤਾਲਾਬੰਦੀ ਕਰ ਕੇ 37 ਹਜ਼ਾਰ ਤੋਂ 71 ਹਜ਼ਾਰ ਲੋਕਾਂ ਦੀਆਂ ਮੌਤਾਂ ਨੂੰ ਟਾਲ ਦਿੱਤਾ ਹੈ। ਸਰਕਾਰ ਦੇ ਅਨੁਸਾਰ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜੇ ਭਾਰਤ ਵਿੱਚ ਤਾਲਾਬੰਦੀ ਦਾ ਹੁਕਮ ਨਾ ਦਿੱਤਾ ਹੁੰਦਾ ਤਾਂ ਭਾਰਤ 'ਚ 14 ਤੋਂ 29 ਲੱਖ ਕੇਸ ਹੋ ਸਕਦੇ ਹਨ। ਸਰਕਾਰ ਜਾਂ ਘੱਟੋ ਘੱਟ ਨੀਤੀ ਅਯੋਗ ਦੇ ਇੱਕ ਮੈਂਬਰ ਨੇ ਆਪਣੀ ਨਿੱਜੀ ਰਾਏ ਰੱਖਦੇ ਹੋਏ 24 ਅਪ੍ਰੈਲ ਨੂੰ ਦਿਖਾਈ ਗਈ ਗਿਰਾਵਟ ਦੀ ਮਾਫੀ ਮੰਗੀ ਜਿਸ 'ਚ ਕਿਹਾ ਗਿਆ ਸੀ ਕਿ ਨਵੇਂ ਕੇਸ ਜ਼ੀਰੋ ਹੋ ਜਾਣਗੇ। ਨੀਤੀ ਅਯੋਗ ਦੇ ਮੈਂਬਰ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਕਿਸੇ ਵਿਸ਼ੇਸ਼ ਮਿਤੀ ਤੱਕ ਕੇਸਾਂ ਦੀ ਗਿਣਤੀ ਜ਼ੀਰੋ ਹੋ ਜਾਵੇਗੀ। ਇਹ ਗਲਤ ਫਹਿਮੀ ਹੈ, ਜਿਸ ਨੂੰ ਸਹੀ ਕਰਨ ਦੀ ਲੋੜ ਹੈ। ਮੈਂ ਇਸ ਦੀ ਮਾਫੀ ਮੰਗਦਾ ਹਾਂ। ਉਨ੍ਹਾਂ ਇੱਕ ਸਵਾਲ ਦੇ ਜਵਾਬ 'ਚ ਇਹ ਕਿਹਾ, ਜਿਸ 'ਚ ਉਨ੍ਹਾਂ ਕੋਲੋਂ ਸਪੱਸ਼ਟੀਕਰਨ ਮੰਗਿਆ ਗਿਆ ਸੀ।

ਆਪਣੀ ਕੋਵਿਡ ਪ੍ਰੈਸ ਕਾਨਫਰੰਸ 'ਚ ਜਾਰੀ ਇਸ ਸਮੱਗਰੀ ਦੇ ਆਧਾਰ ਉੱਤੇ ਸਰਕਾਰ ਫਿਲਹਾਲ ਦੋ ਚੀਜ਼ਾਂ 'ਤੇ ਕੇਂਦਰਿਤ ਹੈ। ਇੱਕ ਇਹ ਕਿ ਰਿਕਵਰੀ ਦਰ ਵਧ ਰਹੀ ਹੈ ਅਤੇ ਦੂਸਰੀ ਇਹ ਕਿ ਪ੍ਰਧਾਨ ਮੰਤਰੀ ਦੀ ਲਾਕਡਾਊਨ ਦੀ ਰਣਨੀਤੀ ਦੇ ਬਗ਼ੈਰ ਭਾਰਤ ਇੱਕ ਵੱਡੀ ਮੁਸ਼ਕਲ 'ਚ ਪੈ ਜਾਂਦਾ ਹੈ। ਨਵੇਂ ਕੇਸਾਂ 'ਤੇ ਸਰਕਾਰ ਕੇਂਦਰਿਤ ਨਹੀਂ ਹੈ ਸਗੋਂ ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਗਿਰਾਵਟ ਜ਼ਿਆਦਾ ਸਪੱਸ਼ਟ ਦਿਖਾਈ ਦੇ ਰਹੀ ਹੈ। ਲਾਕਡਾਊਨ ਇਨਫੈਕਟਿਡ ਲੋਕਾਂ ਦੀ ਗਿਣਤੀ 'ਚ ਵਾਧੇ ਨੂੰ ਮੱਠਾ ਕਰ ਦੇਵੇਗਾ। ਰਿਕਵਰੀ ਦਰ ਉਨ੍ਹਾਂ ਲੋਕਾਂ ਦੀ ਗਿਣਤੀ ਦੱਸਦੀ ਹੈ ਜਿਨ੍ਹਾਂ ਨੇ ਇਨਫੈਕਸ਼ਨ ਨੂੰ ਫੜਿਆ, ਉਨ੍ਹਾਂ ਦੇ ਟੈਸਟ ਹੋਏ ਅਤੇ ਉਹ ਲੋਕ ਪਾਜ਼ਟਿਵ ਪਾਏ ਗਏ। ਕੁਝ ਸਮੇਂ ਬਾਅਦ ਉਹ ਫਿਰ ਤੋਂ ਨੈਗੇਟਿਵ ਹੋ ਗਏ। ਸ਼ਨੀਵਾਰ ਸਵੇਰ ਤੱਕ 1.25 ਲੱਖ ਪਾਜ਼ਟਿਵ ਨਿਕਲੇ ਅਤੇ ਉਨ੍ਹਾਂ 'ਚੋਂ 52 ਹਜ਼ਾਰ ਠੀਕ ਹੋ ਗਏ। ਭਾਵ ਇਹ ਕਿ ਅੱਧੇ ਤੋਂ ਥੋੜ੍ਹੇ ਘੱਟ। ਵਿਸ਼ਵ ਪੱਧਰ 'ਤੇ 53 ਲੱਖ ਇਨਫੈਕਟਿਡ ਸਨ ਅਤੇ 21 ਲੱਖ ਲੋਕ ਠੀਕ ਹੋ ਗਏ। ਠੀਕ ਹੋਣ ਵਾਲੇ ਲੋਕਾਂ ਦੀ ਗਿਣਤੀ 'ਚ ਕੁਦਰਤੀ ਤੌਰ 'ਤੇ ਵਾਧਾ ਹੋ ਰਿਹਾ ਹੈ ਅਤੇ ਇਹ 95 ਫੀਸਦੀ ਹੈ ਜਾਂ ਇਸ ਤੋਂ ਵੀ ਵੱਧ ਹੋ ਸਕਦੀ ਹੈ।

ਕਿਉਂ? ਕਿਉਂਕਿ ਕੋਵਿਡ ਦੀ ਖਤਰਨਾਕ ਦਰ ਭਾਵ ਇਸ ਨਾਲ ਮੌਤਾਂ ਦੀ ਗਿਣਤੀ ਮੌਜੂਦਾ ਸਮੇਂ ਛੇ ਫੀਸਦੀ ਹੈ ਅਤੇ ਇਨ੍ਹਾਂ 'ਚੋਂ ਮੌਜੂਦਾ ਬੀਮਾਰੀਆਂ ਵਾਲੇ ਬਜ਼ੁਰਗ ਲੋਕ ਹਨ ਜਿਨ੍ਹਾਂ ਦੀ ਮੌਤ ਯੂਰਪ ਅਤੇ ਅਮਰੀਕਾ 'ਚ ਹੋ ਗਈ। ਭਾਰਤ 'ਚ ਮੌਤ ਦਰ ਅਜੇ ਤੱਕ ਤਿੰਨ ਫੀਸਦੀ ਹੈ ਅਤੇ ਠੀਕ ਹੋਣ ਵਾਲਿਆਂ ਦੀ ਦਰ 97 ਫੀਸਦੀ ਪਹੁੰਚਣੀ ਚਾਹੀਦੀ ਹੈ। ਬੇਸ਼ੱਕ ਸਰਕਾਰ ਕੁਝ ਵੀ ਨਾ ਕਰੇ। ਯਾਦ ਰੱਖੋ ਕਿ ਕੋਵਿਡ-19 ਦਾ ਕੋਈ ਇਲਾਜ ਨਹੀਂ ਹੈ। ਜੇ ਤੁਸੀਂ ਇਨਫੈਕਟਿਡ ਹੋ ਜਾਂਦੇ ਹੋ ਤਾਂ ਤੁਸੀਂ ਸੁਰੱਖਿਅਤ ਤੌਰ 'ਤੇ ਇਸ ਕੋਲੋਂ ਲੰਘ ਜਾਣ ਦੀ ਉਡੀਕ ਕਰ ਸਕਦੇ ਹੋ। ਇਥੋਂ ਤੱਕ ਕਿ ਇਸ ਅਰਥ ਇਹ ਨਹੀਂ ਕਿ ਤੁਸੀਂ ਕੋਵਿਡ-19 ਤੋਂ ਮੁਕਤ ਹੋ ਕਿਉਂਕਿ ਵਾਇਰਸ ਦੇ ਮੁੜ ਹੋਣ ਦੇ ਕੇਸ ਸਾਹਮਣੇ ਆਏ ਹਨ, ਇਸ ਲਈ ਸਪੱਸ਼ਟ ਨਹੀਂ ਕਿ ਸਰਕਾਰ ਲੋਕਾਂ ਨੂੰ ਆਸਵੰਦ ਕਰਨ ਲਈ ਰਿਕਵਰੀ ਦਰ ਦੀ ਗੱਲ ਕਿਉਂ ਕਰਦੀ ਹੈ।

ਇਥੇ 11 ਅਜਿਹੇ ਦੇਸ਼ ਹਨ ਜਿਥੇ ਇੱਕ ਲੱਖ ਤੋਂ ਵੱਧ ਇਨਫੈਕਟਿਡ ਲੋਕ ਹਨ। ਇਨ੍ਹਾਂ ਵਿੱਚੋਂ ਸਿਰਫ ਬ੍ਰਾਜ਼ੀਲ, ਭਾਰਤ ਅਤੇ ਪੇਰੂ 'ਚ ਵੱਧਦੇ ਹੋਏ ਕੇਸ ਦਿਖਾਈ ਦੇ ਰਹੇ ਹਨ। ਪਿਛਲੇ 50 ਦਿਨਾਂ ਦੌਰਾਨ ਅਮਰੀਕਾ 'ਚ ਹਰੇਕ ਦਿਨ 20 ਹਜ਼ਾਰ ਤੋਂ 35 ਹਜ਼ਾਰ ਨਵੇਂ ਕੇਸ ਸਾਹਮਣੇ ਆ ਰਹੇ ਹਨ। ਅਮਰੀਕਾ ਵਿੱਚ 1.4 ਕਰੋੜ ਟੈਸਟ ਕੀਤੇ ਗਏ। ਹਰ 10 ਲੱਖ ਲੋਕਾਂ 'ਚੋਂ 42 ਹਜ਼ਾਰ ਨੂੰ ਜਾਂਚਿਆਂ ਗਿਆ। ਭਾਰਤ 'ਚ ਸਿਰਫ 10 ਲੱਖ ਲੋਕਾਂ 'ਚੋਂ ਦੋ ਹਜ਼ਾਰ ਲੋਕਾਂ ਦਾ ਟੈਸਟ ਹੋਇਆ। ਕੀ ਅਸੀਂ ਦੱਸ ਸਕਦੇ ਹਾਂ ਕਿ ਸਾਡੇ ਪ੍ਰੀਖਣ 'ਚ ਕਮੀ ਦਾ ਅਰਥ ਕੀ ਹੈ? ਕਈ ਅਜਿਹੇ ਇਨਫੈਕਟਿਡ ਲੋਕ ਹਨ ਜੋ ਇਹ ਨਹੀਂ ਜਾਣਦੇ ਕਿ ਉਹ ਇਨਫੈਕਟਿਡ ਹਨ? ਹਾਂ ਮੌਤ ਦਰ ਨੂੰ ਦੇਖਣ ਦਾ ਇੱਕ ਤਰੀਕਾ ਹੈ ਕਿ ਸਾਡੇ ਕੋਲ ਉਚਿਤ ਡਾਟਾ ਹੈ। ਗੁਜਰਾਤ 'ਚ 13 ਹਜ਼ਾਰ ਇਨਫੈਕਟਿਡ ਹਨ ਅਤੇ ਇਥੇ 800 ਮੌਤਾਂ ਹੋਈਆਂ ਜੋ ਕਿ ਰਾਸ਼ਟਰੀ ਔਸਤ ਤੋਂ ਦੁੱਗਣੀਆਂ ਹਨ। ਇਸ ਦਾ ਅਰਥ ਹੈ ਕਿ ਲਗੱਭਗ ਨਿਸ਼ਚਿਤ ਤੌਰ 'ਤੇ ਗੁਜਰਾਤ 'ਚ ਘੱਟ 13 ਹਜ਼ਾਰ ਇਨਫੈਕਟਿਡ ਲੋਕ ਹਨ ਜਿਨ੍ਹਾਂ ਦਾ ਪ੍ਰੀਖਣ ਅਜੇ ਤੱਕ ਨਹੀਂ ਕੀਤਾ ਗਿਆ। ਅਜਿਹੇ ਲੋਕਾਂ ਨੂੰ ਨਹੀਂ ਪਤਾ ਕਿ ਉਹ ਕੋਵਿਡ-19 ਤੋਂ ਇਨਫੈਕਟਿਡ ਹਨ। ਇਹ ਲੋਕ ਕੰਮ 'ਤੇ ਵਾਪਸ ਜਾ ਰਹੇ ਹਨ ਤੇ ਸਾਰੇ ਪ੍ਰਵਾਸੀ ਹਨ ਜੋ ਪੈਦਲ ਚੱਲ ਕੇ ਆਪਣੇ ਘਰਾਂ ਨੂੰ ਤੁਰ ਪਏ ਹਨ ਅਤੇ ਇਨ੍ਹਾਂ ਦਾ ਪ੍ਰਵਾਸ ਲਗਾਤਾਰ ਜਾਰੀ ਹੈ। ਅਜਿਹੇ ਲੋਕਾਂ ਦੀ ਗਿਣਤੀ ਦਿਨ-ਪ੍ਰਤੀਦਿਨ ਵੱਧਦੀ ਜਾ ਰਹੀ ਹੈ। ਕੁਝ ਪੱਧਰਾਂ 'ਤੇ ਇਨ੍ਹਾਂ ਦੀ ਗਿਣਤੀ ਉਚਾਈ ਨੂੰ ਛੂਹ ਲਵੇਗੀ ਤੇ ਇਥੇ ਰੋਜ਼ਾਨਾ ਦਰ ਡਿੱਗਣ ਲੱਗ ਪਵੇਗੀ। ਕਿਉਂਕਿ ਅਮਰੀਕਾ ਇਟਲੀ ਤੇ ਬ੍ਰਿਟੇਨ ਸਮੇਤ ਹਰ ਦੂਸਰਾ ਦੇਸ਼ ਬੁਰੀ ਤਰ੍ਹਾਂ ਪ੍ਰਭਾਵਤ ਹੋਇਆ ਹੈ, ਨਵੇਂ ਰੋਜ਼ਾਨਾ ਕੇਸਾਂ ਦੀ ਇਹ ਦਰ ਸਿਰਫ ਮਹੱਤਵ ਪੂਰਨ ਮਾਪਣ ਦੀ ਪ੍ਰਣਾਲੀ ਹੈ। ਅਸੀਂ ਕਿੰਨੀ ਜਲਦੀ ਰੋਜ਼ਾਨਾ ਇਨਫੈਕਟਿਡਾਂ ਦੀ ਗਿਣਤੀ ਨੂੰ ਘੱਟ ਕਰਨਾ ਸ਼ੁਰੂ ਕਰ ਸਕਦੇ ਹਾਂ? ਇਹ ਸਿਰਫ ਕੇਰਲ ਜਾਣਦਾ ਹੈ। ਮਾਰਚ ਦੇ ਸ਼ੁਰੂ 'ਚ ਸਭ ਤੋਂ ਵੱਧ ਕੇਸਾਂ ਦੇ ਨਾਲ ਇਹ ਹੋਰ ਸੂਬਿਆਂ 'ਚ ਸ਼ਾਮਲ ਸੀ ਪਰ ਅੱਜ ਇਹ 17ਵੇਂ ਸਥਾਨ 'ਤੇ ਆ ਗਿਆ ਤੇ ਇਸ ਦਾ ਇੱਕ ਵਾਰ ਵੀ ਪ੍ਰਧਾਨ ਮੰਤਰੀ ਮੋਦੀ ਨੇ ਵਰਣਨ ਨਹੀਂ ਕੀਤਾ। ਜੋ ਕੁਝ ਕੇਰਲ 'ਚ ਹੋਇਆ ਉਹ ਹੋਰਨਾਂ ਸੂਬਿਆਂ ਲਈ ਇੱਕ ਮਿਸਾਲ ਬਣ ਗਈ। ਸਾਡੇ 'ਚੋਂ ਕਿੰਨੇ ਲੋਕ ਜਾਣਦੇ ਹਨ ਕਿ ਮਹਾਰਾਸ਼ਟਰ, ਗੁਜਰਾਤ ਅਤੇ ਦਿੱਲੀ 'ਚ ਕੀ ਹੋ ਰਿਹਾ ਹੈ?

# ਖੇਤੀ ਖੇਤਰ ਲਈ ਹੋਰ ਸੁਧਾਰਾਂ ਦੀ ਲੋੜ

-ਪੀ ਪੀ ਐੱਸ ਗਿੱਲ

ਭਾਰਤ ਦੀ ਕੇਂਦਰੀ ਕੈਬਨਿਟ ਨੇ ਖੇਤੀ ਖੇਤਰ ਨੂੰ ਲਾਭ ਪਹੁੰਚਾਉਣ ਲਈ ਜ਼ਰੂਰੀ ਵਸਤਾਂ ਐਕਟ 1955 ਵਿੱਚ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਖੇਤੀ ਵਪਾਰ ਨੂੰ ਪਾਬੰਦੀਆਂ ਤੋਂ ਆਜ਼ਾਦ ਕਰਨ ਅਤੇ ਕਿਸਾਨਾਂ ਵੱਲੋਂ ਫਸਲ ਵੇਚਦੇ ਸਮੇਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਇੱਕ ਕਾਨੂੰਨੀ ਢਾਂਚਾ ਲਾਗੂ ਕਰਨ ਦੇ ਮੰਤਵ ਨਾਲ ਦੋ ਨਵੇਂ ਆਰਡੀਨੈਂਸ ਵੀ ਜਾਰੀ ਕੀਤੇ ਹਨ। ਇਹ ਹਨ 'ਕਿਸਾਨਾਂ ਦੀਆਂ ਫਸਲਾਂ ਦੀ ਉਪਜ ਦੇ ਵਪਾਰ ਤੇ ਵਣਜ (ਪ੍ਰੋਤਸਾਹਨ ਅਤੇ ਸੁਵਿਧਾਕਰਨ) ਆਰਡੀਨੈਂਸ 2020' ਅਤੇ 'ਕੀਮਤ ਭਰੋਸਾ ਤੇ ਖੇਤੀ ਸੇਵਾਵਾਂ ਬਾਰੇ ਕਿਸਾਨਾਂ ਦਾ (ਸ਼ਕਤੀਕਰਨ ਤੇ ਸੁਰੱਖਿਆ) ਸਮਝੌਤਾ 2020। ਪ੍ਰਧਾਨ ਮੰਤਰੀ ਵੱਲੋਂ 20 ਲੱਖ ਕਰੋੜ ਰੁਪਏ ਦੇ ਸਮਾਜਕ ਆਰਥਿਕ ਉਤਸ਼ਾਹ ਪੈਕੇਜਾਂ ਦੇ ਐਲਾਨ ਤੋਂ ਬਾਅਦ ਇਹ ਪ੍ਰਵਾਨਗੀਆਂ ਦਿੱਤੀਆਂ ਗਈਆਂ ਹਨ, ਜੋ ਖੇਤੀਬਾੜੀ ਅਤੇ ਪੇਂਡੂ ਜੀਵਨ ਦੇ ਕਾਇਆਕਲਪ ਵੱਲ ਇੱਕ ਕਦਮ ਹੈ।

ਇਨ੍ਹਾਂ ਸੁਧਾਰਾਂ ਨਾਲ ਟਿਕਾਊ ਖੇਤੀ ਹੋਣ, ਕਿਸਾਨਾਂ ਨੂੰ ਵੱਡੇ ਮੁਨਾਫੇ ਹੋਣ ਅਤੇ ਖੇਤੀਬਾੜੀ ਦੇ ਨਿਗਮੀਕਰਨ ਜਾਂ ਨਿੱਜੀਕਰਨ ਜਾਂ ਕੰਟਰੈਕਟ ਫਾਰਮਿੰਗ ਸਿਸਟਮ ਵੱਲ ਵਧਣ ਦੀ ਆਸ ਕੀਤੀ ਜਾ ਸਕਦੀ ਹੈ। ਹਾਲੇ ਤੱਕ ਸਰਕਾਰ ਦਾ ਸਮਰਥਨ ਪ੍ਰਾਪਤ ਘੱਟੋ-ਘੱਟ ਖਰੀਦ ਕੀਮਤ (ਐੱਮ ਐੱਸ ਪੀ) ਦੀ ਮੌਜੂਦਾ ਪ੍ਰਣਾਲੀ ਤੋਂ ਕਿਸਾਨਾਂ ਨੂੰ ਇਹ ਭਰੋਸਾ ਮਿਲਦਾ ਰਿਹਾ ਹੈ ਕਿ ਉਨ੍ਹਾਂ ਦੀ ਫਸਲ ਇਸ ਕੀਮਤ 'ਤੇ ਯਕੀਨਨ ਖਰੀਦੀ ਜਾਵੇਗੀ। ਖੇਤੀ ਲਾਗਤਾਂ ਤੇ ਕੀਮਤਾਂ ਬਾਰੇ ਕਮਿਸ਼ਨ ਵੱਲੋਂ ਐੱਮ ਐੱਸ ਪੀ ਨੂੰ ਫੇਜ਼ ਆਊਟ ਕਰਨ ਦੀ ਸਿਫਾਰਸ਼ ਦੇ ਬਾਵਜੂਦ ਇਸ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਤਿਆਗੇ ਜਾਣ ਦੀ ਸੰਭਾਵਨਾ ਨਹੀਂ। ਘੱਟੋ ਘੱਟ ਸਮਰਥਨ ਮੁੱਲ ਦਾ ਚੱਲਦਾ ਸਿਸਟਮ ਦੇਸ਼ ਦੀ ਅਨਾਜ ਸੁਰੱਖਿਆ ਲਈ ਬੁਨਿਆਦੀ ਲੋੜ ਸਿੱਧ ਹੋਇਆ ਹੈ। ਫਿਰ ਵੀ ਇਨ੍ਹਾਂ ਆਰਡੀਨੈਂਸਾਂ ਬਾਰੇ ਕੁਝ ਲੋਕਾਂ ਦੀਆਂ ਟਿੱਪਣੀਆਂ ਆਈਆਂ ਹਨ। ਮਿਸਾਲ ਵਜੋਂ ਪੰਜਾਬ ਵਿੱਚ ਕੁਝ ਰਾਜਨੀਤਕ ਪਾਰਟੀਆਂ ਨੇ ਫੈਡਰਲਿਜ਼ਮ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ 'ਤੇ ਚਿੰਤਾ ਪ੍ਰਗਟਾਈ ਹੈ। ਇੰਝ ਜਾਪਦਾ ਹੈ ਕਿ ਸਰਕਾਰ ਨੇ ਖੇਤੀ ਅਤੇ ਪੇਂਡੂ ਜੀਵਨ ਦੀ ਕਾਇਆਕਲਪ ਸ਼ੁਰੂ ਕਰਦੇ ਸਮੇਂ ਨਿੱਜੀ ਉਦਮਾਂ ਨੂੰ ਮਨ 'ਚ ਰੱਖਿਆ ਹੈ।

ਆਸ ਹੈ ਕਿ ਬਹੁ ਕੌਮੀ ਕੰਪਨੀਆਂ ਤੇ ਕੁਝ ਨਿੱਜੀ ਕੰਪਨੀਆਂ ਆਪਣੀ ਪੂੰਜੀ ਅਤੇ ਟੈਕਨਾਲੋਜੀ ਨਾਲ ਨਿਵੇਸ਼ ਕਰਨਗੀਆਂ। ਸਰਕਾਰ ਨੇ ਭਰੋਸਾ ਦਿਵਾਇਆ ਹੈ ਕਿ ਛੋਟੇ ਅਤੇ ਸੀਮਾਂਤੀ ਕਿਸਾਨਾਂ ਦੇ ਆਰਥਿਕ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ। ਅਜਿਹੇ ਕਿਸਾਨ ਪੂਰੇ ਦੇਸ਼ ਵਿੱਚ 86-87 ਫੀਸਦੀ ਹਨ। ਇਨ੍ਹਾਂ ਆਰਡੀਨੈਂਸਾਂ ਨਾਲ ਖੇਤੀਬਾੜੀ ਤੇ ਪੇਂਡੂ ਜੀਵਨ ਦੇ ਵਿਕਾਸ ਦੀ ਯਾਤਰਾ ਸ਼ੁਰੂ ਹੋਈ ਹੈ। ਇਸ ਪਿੱਛੇ ਮਨਸ਼ਾ ਸਾਫ ਤੌਰ 'ਤੇ ਨਵੀਆਂ ਪਹਿਲਾਂ ਨੂੰ ਮੌਜੂਦਾ ਅਨੇਕ ਕਿਸਾਨ-ਪੱਖੀ ਪ੍ਰੋਗਰਾਮਾਂ ਨਾਲ ਜੋੜ ਕੇ ਅੱਗੇ ਵਧਣ ਦੀ ਹੈ, ਤਾਂ ਜੋ ਸਾਲ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਸਕੇ। ਜੇ ਅਜਿਹਾ ਹੁੰਦਾ ਹੈ ਤਾਂ ਕਿਰਸਾਨੀ ਨੂੰ ਹੁਲਾਰਾ ਮਿਲੇਗਾ।

ਅੱਜ ਸਾਡਾ ਅੰਨਦਾਤਾ ਖੁਦ ਨੂੰ ਕੱਖੋਂ ਹੌਲਾ ਸਮਝ ਰਿਹਾ ਹੈ, ਕਿਉਂਕਿ ਖੇਤੀਬਾੜੀ ਲਾਹੇਵੰਦਾ ਧੰਦਾ ਨਹੀਂ ਰਹੀ ਹੈ। ਖੇਤੀ ਨੂੰ ਉਤਸ਼ਾਹਤ ਕਰਨ ਲਈ ਸਮੇਂ-ਸਮੇਂ ਬਣੀਆਂ ਨੀਤੀਆਂ ਜਾਂ ਯੋਜਨਾਵਾਂ ਵਿੱਚ ਕੋਈ ਨਾ ਕੋਈ ਖਾਮੀ ਰਹੀ ਹੈ। ਇਸੇ ਕਾਰਨ ਉਹ ਓਦਾਂ ਦੇ ਨਤੀਜੇ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਜਿੰਦਾਂ ਦੇ ਨਤੀਜਿਆਂ ਲਈ ਬਣਾਈਆਂ ਸਨ। ਖੇਤੀ ਖੇਤਰ ਦੀਆਂ ਮੁਸ਼ਕਲਾਂ ਲਈ ਕਾਫੀ ਹੱਦ ਤੱਕ ਕੇਂਦਰ ਤੇ ਸੂਬਾ ਸਰਕਾਰਾਂ ਦੀਆਂ ਨਾਕਾਮ ਖੇਤੀ ਯੋਜਨਾਵਾਂ ਜ਼ਿੰਮੇਵਾਰ ਹਨ। ਪੇਂਡੂ ਖੇਤਰ ਹਾਲੇ ਤੱਕ ਕੋਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਰਿਹਾ ਹੈ। ਜਦੋਂ ਭਾਰਤ ਹੌਲੀ-ਹੌਲੀ ਗਤੀਵਿਧੀਆਂ ਸ਼ੁਰੂ ਕਰ ਕੇ ਅਰਥਚਾਰੇ ਨੂੰ ਮੁੜ ਲੀਹ 'ਤੇ ਲਿਆ ਰਿਹਾ ਹੈ, ਓਦੋਂ ਪਿੰਡਾਂ ਵਿੱਚ ਮੈਡੀਕਲ ਚੌਕਸੀ ਤੇ ਕੋਰੋਨਾ 'ਤੇ ਸਖਤ ਨਜ਼ਰ ਰੱਖਣ ਲਈ ਕਦਮ ਤੇਜ਼ ਕਰਨੇ ਹੋਣਗੇ। ਪਿਛਲੇ ਕੁਝ ਹਫਤਿਆਂ ਵਿੱਚ ਪਰਵਾਸੀ ਮਜ਼ਦੂਰ ਆਪਣੇ ਜੱਦੀ ਰਾਜਾਂ ਨੂੰ ਪਰਤੇ ਹਨ। ਉਹ ਖੇਤਾਂ ਅਤੇ ਉਦਯੋਗ ਦੀ ਰੀੜ੍ਹ ਦੀ ਹੱਡੀ ਹਨ। ਅਰਥਚਾਰੇ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪ੍ਰਗਤੀ ਦੇ ਪਹੀਏ ਚੱਲਦੇ ਰੱਖਣ ਲਈ ਉਨ੍ਹਾਂ ਦੀ ਸਿਹਤ ਬਹੁਤ ਅਹਿਮ ਹੈ।

ਥੋੜ੍ਹੀ ਘੋਖ ਕਰੀਏ ਤਾਂ ਇਹ ਆਰਡੀਨੈਂਸ ਕਿਸਾਨਾਂ ਨੂੰ ਪ੍ਰੋਸੈਸਰਾਂ, ਐਗਰੀਗੇਟਰਾਂ, ਹੋਲ-ਸੇਲਰਾਵਾਂ, ਵੱਡੇ ਪਰਚੂਨ ਡੀਲਰਾਂ, ਐਕਸਪੋਰਟਰਾਂ ਨਾਲ ਖੇਤੀ ਵਪਾਰ ਬਾਰੇ ਗੱਲਬਾਤ ਕਰਨ ਦਾ ਅਧਿਕਾਰ ਦਿੰਦੇ ਹਨ ਤਾਂ ਜੋ ਉਨ੍ਹਾਂ ਨੂੰ ਉਨ੍ਹਾਂ ਦੀ ਫਸਲ ਦਾ ਵਾਜਬ ਮੁੱਲ ਮਿਲੇ ਅਤੇ ਉਨ੍ਹਾਂ ਨੂੰ ਚੋਖਾ ਲਾਭ ਹੋ ਸਕੇ। ਇਸ ਨਾਲ ਮੰਡੀਆਂ, ਬਾਜ਼ਾਰਾਂ ਦੀ ਅਨਿਸ਼ਚਿਤਤਾ ਦਾ ਖਤਰਾ ਕਿਸਾਨ ਨੂੰ ਸਪਾਂਸਰ ਕਰਨ ਅਤੇ ਆਧੁਨਿਕ ਟੈਕਨਾਲੋਜੀ ਤੇ ਬਿਹਤਰ ਇਨਪੁਟਸ ਤੱਕ ਪਹੁੰਚ ਕਰਨ ਦੇ ਸਮਰੱਥ ਬਣਾਵੇਗਾ। ਮੰਡੀਕਰਨ ਦੀਆਂ ਲਾਗਤਾਂ ਘਟਣਗੀਆਂ ਤੇ ਕਿਸਾਨਾਂ ਨੂੰ ਖੋਲ੍ਹਣ ਨਾਲ ਖੇਤੀਬਾੜੀ ਤੇ ਖੁਰਾਕੀ ਕਾਰੋਬਾਰ ਕਰਨ ਵਾਲੀਆਂ ਬਹੁ ਕੌਮੀ ਕੰਪਨੀਆਂ ਅਤੇ ਭਾਰਤੀ ਕਾਰਪੋਰੇਟ, ਕਾਰੋਬਾਰੀ ਅਦਾਰੇ ਦਿਲਚਸਪੀ ਦਿਖਾਉਣਗੇ। ਵਾਹੀਯੋਗ ਜ਼ਮੀਨ ਨੂੰ ਲੰਬੇ ਸਮੇਂ ਲਈ ਅਕੁਆਇਰ ਕਰਨਾ ਅਤੇ ਮਸ਼ੀਨੀਕਰਨ ਹੋਣ ਵਾਲੇ ਹਨ। ਇਸ ਆਰਡੀਨੈਂਸ ਵਿੱਚ ਅਜਿਹਾ ਕਾਨੂੰਨੀ ਢਾਂਚਾ ਮੌਜੂਦ ਹੈ, ਜੋ ਕਿਸਾਨਾਂ ਤੋਂ ਉਨ੍ਹਾਂ ਦੀ ਉਪਜ ਪਹਿਲਾਂ ਹੀ ਖਰੀਦ ਲਿਆ ਕਰੇਗਾ। ਫਿਰ ਵੀ ਸੂਚਨਾ, ਸਿਖਿਆ ਅਤੇ ਸੰਚਾਰ ਨੂੰ ਹੋਰ ਮਜ਼ਬੂਤ ਕਰਨ ਦੀ ਜ਼ਰੂਰਤ ਹੈ ਅਤੇ ਇਸ ਦੇ ਨਾਲ ਹੀ ਕਿਸਾਨਾਂ ਨੂੰ ਇਹ ਭਰੋਸਾ ਵੀ ਦਿਵਾਇਆ ਗਿਆ ਹੈ ਕਿ ਉਨ੍ਹਾਂ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ।

ਜ਼ਰੂਰੀ ਵਸਤਾਂ ਐਕਟ ਵਿੱਚ ਸੋਧ ਜ਼ਰੂਰੀ ਸੀ, ਕਿਉਂਕਿ ਦੇਸ਼ ਵਿੱਚ ਖੇਤੀ ਵਸਤਾਂ ਦੀ ਬਹੁਤਾਤ ਹੋ ਗਈ ਸੀ ਅਤੇ ਕੋਲਡ ਸਟੋਰੇਜ, ਪ੍ਰੋਸੈਸਿੰਗ ਅਤੇ ਬਰਾਮਦਾਂ ਵਿੱਚ ਨਿਵੇਸ਼ ਦੀ ਘਾਟ ਕਾਰਨ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀਆਂ ਬਿਹਤਰ ਕੀਮਤਾਂ ਨਹੀਂ ਮਿਲ ਰਹੀਆਂ ਸਨ। ਇਹ ਇਸ ਲਈ ਸੀ ਕਿ ਇਸ ਕਾਨੂੰਨ ਕਾਰਨ ਕਾਰੋਬਾਰੀ ਲੋਕਾਂ ਵਿੱਚ ਕੁਝ ਕਰਨ ਦੀ ਭਾਵਨਾ ਮੱਠੀ ਪੈ ਗਈ ਸੀ। ਜਦੋਂ ਕਦੇ ਛੇਤੀ ਨਸ਼ਟ ਹੋਣ ਵਾਲੀਆਂ ਵਸਤਾਂ ਦੀ ਬੰਪਰ ਫਸਲ ਹੋਵੇਗੀ ਤਾਂ ਕਿਸਾਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਕਿਉਂਕਿ ਉਤਪਾਦਨ, ਖਰੀਦ, ਪ੍ਰੋਸੈਸਿੰਗ, ਭੰਡਾਰ ਕਰਨ ਦੀਆਂ ਸੁਵਿਧਾ ਦਾ ਪ੍ਰਬੰਧ ਨਿੱਜੀ ਖੇਤਰ ਵੱਲੋਂ ਦੇਖਿਆ ਜਾ ਰਿਹਾ ਹੈ। ਇਸ ਨਾਲ ਅਨਾਜ ਦਾ ਬਰਬਾਦ ਹੋਣਾ ਘਟੇਗਾ ਅਤੇ ਉਤਪਾਦਕ ਤੇ ਖਪਤਕਾਰ ਦੋਵਾਂ ਨੂੰ ਲਾਭ ਹੋਵੇਗਾ। ਇਸ ਨਵੇਂ ਆਰਡੀਨੈਂਸ ਨਾਲ ਖੇਤੀ ਉਪਜ ਵਿੱਚ ਰੁਕਾਵਟ ਮੁਕਤ ਵਪਾਰ ਵਿੱਚ ਮਦਦ ਮਿਲਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਵੇਲੇ ਨੋਟੀਫਾਈਡ ਏ ਪੀ ਐਮ ਸੀਜ਼ 'ਖੇਤੀ ਉਪਜ ਮੰਡੀਕਰਨ ਕਮੇਟੀਆਂ' ਦੇ ਅਧਿਕਾਰ ਖੇਤਰ ਤੋਂ ਬਾਹਰ ਕਿਸਾਨਾਂ 'ਤੇ ਖੇਤੀ ਪੈਦਾਵਾਰ ਵੇਚਣ 'ਤੇ ਪਾਬੰਦੀ ਹੈ। ਉਹ ਆਪਣੀ ਉਪਜ ਸਿਰਫ ਰਜਿਸਟਰਡ ਲਾਇਸੈਂਸ ਧਾਰਕਾਂ ਜਾਂ ਆੜ੍ਹਤੀਆਂ ਨੂੰ ਵੇਚ ਸਕਦੇ ਹਨ। ਹਰ ਰਾਜ ਸਰਕਾਰ ਦਾ ਮੰਡੀਆਂ ਦਾ ਆਪਣਾ ਬੁਨਿਆਦੀ ਢਾਂਚਾ ਅਤੇ ਉਥੇ ਕੰਮ ਦੇ ਆਪਣੇ ਕਾਨੂੰਨ ਹਨ। ਵੱਖ-ਵੱਖ ਏ ਪੀ ਐੱਮ ਸੀ ਕਾਨੂੰਨ ਲਾਗੂ ਹੋਣ ਕਾਰਨ ਰਾਜਾਂ ਵਿਚਾਲੇ ਖੇਤੀ ਪੈਦਾਵਾਰ ਦੀ ਸੁਤੰਤਰ ਆਵਾਜਾਈ 'ਤੇ ਵੀ ਪਾਬੰਦੀਆਂ ਹਨ, ਪਰ ਨਵੇਂ ਕਾਨੂੰਨ ਨਾਲ ਇਹ ਸਾਰੀਆਂ ਪਾਬੰਦੀਆਂ ਸਮਾਪਤ ਹੋ ਜਾਣਗੀਆਂ।

ਏ ਪੀ ਐੱਮ ਸੀ ਕਾਨੂੰਨ 1961 'ਚ ਇੱਕ ਵੱਖਰੇ ਉਦੇਸ਼ ਲਈ ਬਣਿਆ ਸੀ। ਸਮਾਂ ਬੀਤਣ ਦੇ ਨਾਲ ਇਹ ਕਾਨੂੰਨ ਆੜ੍ਹਤੀਆਂ ਦੇ ਹੱਕ ਵਿੱਚ ਭੁਗਤਣ ਲੱਗਾ ਕਿਉਂਕਿ ਇਸੇ ਸਦਕਾ ਉਹ ਕਿਸਾਨਾਂ ਦੀ ਮਦਦ ਕਰਨ ਦੀ ਥਾਂ ਉਨ੍ਹਾਂ ਤੋਂ ਆਪਣੇ ਬਕਾਇਆਂ ਦੀ ਉਗਰਾਹੀ ਕਰਦੇ ਸਨ। ਇਸੇ ਲਈ ਇਹ ਮੰਗ ਉੱਠਦੀ ਰਹੀ ਹੈ ਕਿ ਆੜ੍ਹਤੀਆਂ ਰਾਹੀਂ ਭੁਗਤਾਨ ਕਰਨ ਦੀ ਥਾਂ ਕਿਸਾਨਾਂ ਨੂੰ ਸਿੱਧੀਆਂ ਅਦਾਇਗੀਆਂ ਕੀਤੀਆਂ ਜਾਣ, ਜਿਸ ਦੀ ਅਜੇ ਵੀ ਉਡੀਕ ਹੈ। ਇਹ ਰਾਹਤ ਪੇਂਡੂ ਸੰਕਟ ਨੂੰ ਘਟਾਉਣ ਅਤੇ ਕਰਜ਼ਿਆਂ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਰਾਹਤ ਦੇਣ ਵਿੱਚ ਸਫਲ ਹੋਵੇਗੀ। ਇਹ ਉਪਾਅ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਸਮਾਜਕ-ਆਰਥਿਕ ਹਾਲਤਾਂ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਵੀ ਘਟਾਉਣਗੇ। ਅਧਿਆਪਨ, ਖੋਜ ਅਤੇ ਵਿਸਤਾਰ ਸਿਖਿਆ ਨੂੰ ਅਪਗ੍ਰੇਡ ਕਰਨ ਲਈ ਪੂੰਜੀ ਅਤੇ ਟੈਕਨਾਲੋਜੀ ਦੇ ਮਾਮਲੇ ਵਿੱਚ ਵਧੇਰੇ ਸਰਕਾਰੀ ਨਿਵੇਸ਼ ਕਰਨਾ ਵੀ ਓਨਾ ਹੀ ਮਹੱਤਵ ਪੂਰਨ ਹੈ।

# ਇੱਜ਼ਤ ਦਾ ਬੋਝ ਧੀਆਂ 'ਤੇ ਹੀ ਕਿਉਂ

-ਸ਼ਮਿੰਦਰ-



ਸੋਸ਼ਲ ਮੀਡੀਆ 'ਤੇ ਇੱਕ ਗੀਤ ਸੁਣਿਆ, ਜਿਸ ਦੇ ਬੋਲ ਸਨ:

ਤੂੰ ਮੈਨੂੰ ਸ਼ੀਸ਼ਿਆਂ ਤੋਂ ਵੱਧ ਸਾਫ਼ ਲੱਗਦੀ
ਦੇਖੀਂ ਨਾ ਯਕੀਨ ਕਰੀਂ ਗੰਧਲਾ
ਧੀਏ ਤੇਰੀ ਅੱਖ ਵਿੱਚ ਦੇਖ ਕੇ
ਬਾਪੂ ਤੇਰਾ ਬੰਨ੍ਹਦਾ ਏ ਸ਼ਮਲਾ।

ਇਸ ਤਰ੍ਹਾਂ ਦੇ ਹਜ਼ਾਰਾਂ ਗੀਤ, ਲੋਕ-ਗੀਤ ਜਾਂ ਗੀਤਾਂ ਵਿੱਚ ਅੰਤਰੇ ਹੋਣਗੇ ਜੋ ਧੀ ਨੂੰ ਇੱਜ਼ਤ ਸਾਂਭਣ ਦੀ ਹਦਾਇਤ ਕਰਦੇ ਹਨ। ਮੁੰਡਿਆਂ ਤੋਂ ਬਚ ਕੇ ਰਹਿਣ, ਦੂਰ ਰਹਿਣ ਦੀ ਤਾਕੀਦ ਕਰਦੇ ਹਨ। ਇਨ੍ਹਾਂ ਗੀਤਾਂ ਨੂੰ ਲੋਕ ਬਿਨਾਂ ਸੋਚੇ-ਸਮਝੇ ਇੱਕ ਪਰਵਾਰਕ ਤੇ ਸੱਚੇ-ਸੁੱਚੇ ਮਹਾਨ ਗੀਤ ਜਾਂ ਰਚਨਾ ਦਾ ਦਰਜਾ ਦੇ ਦਿੰਦੇ ਹਨ। ਸਵਾਲ ਇਹ ਹੈ ਕਿ ਇੱਜ਼ਤ ਹੈ ਕੀ? ਦੂਜੀ ਗੱਲ ਪਿਓ, ਭਾਈ, ਪਰਵਾਰ, ਖ਼ਾਨਦਾਨ, ਮੁਹੱਲੇ, ਪਿੰਡ ਦੀ ਇੱਜ਼ਤ ਕੁੜੀ ਕਿਉਂ ਸਾਂਭੇ? ਹਰ ਬੰਦਾ ਆਪਣੀ ਇੱਜ਼ਤ ਆਪ ਸਾਂਭਣੋ ਇਨਕਾਰੀ ਹੈ ਤੇ ਇੱਜ਼ਤ ਦਾ ਸਾਰਾ ਬੋਝ ਧੀ ਦੇ ਮੋਢਿਆਂ 'ਤੇ ਸੁੱਟ ਕੇ ਆਪ ਸੁਰਖ਼ਰੂ ਹੋ ਕੇ ਜਿਉਂਦਾ ਹੈ।

ਭਰਾ ਕੁਝ ਕਰਨ ਤਾਂ ਇੱਜ਼ਤ ਨੂੰ ਫ਼ਰਕ ਨਹੀਂ ਪੈਂਦਾ। ਪਿਓ-ਦਾਦੇ ਨੇ ਜ਼ਮੀਨਾਂ ਵੇਚ ਖਾਧੀਆਂ ਹੋਣ, ਸਾਰੀ ਉਮਰ ਸ਼ਰਾਬ ਪੀ-ਪੀ ਟੱਬਰ ਦਾ ਜਿਉਣਾ ਮੁਹਾਲ ਕੀਤਾ ਹੋਵੇ, ਇੱਜ਼ਤ ਨੂੰ ਕੁਝ ਨਹੀਂ ਹੁੰਦਾ। ਕੁੜੀ ਨੂੰ ਨਾਲ ਸਕੂਲ ਜਾਂਦੇ ਹੋਏ ਕੋਈ ਬਦਤਮੀਜ਼ੀ ਕਰੇ ਜਾਂ ਕੁੜੀ ਕਹੇ ਕਿ ਮੈਂ ਆਪਣੀ ਮਰਜ਼ੀ ਨਾਲ ਵਿਆਹ ਕਰਾਉਣਾ ਹੈ ਤਾਂ ਇੱਜ਼ਤ ਗਾਇਬ ਹੋ ਜਾਂਦੀ ਹੈ। ਇੱਜ਼ਤ ਦਾ ਸਾਰਾ ਬੋਝ ਕੁੜੀ ਉਪਰ ਕਿਉਂ ਸੁੱਟਿਆ ਜਾਂਦਾ ਹੈ? ਕਿਉਂ ਉਸ ਨੂੰ ਤਿਲ-ਤਿਲ ਮਰਨ ਨੂੰ ਮਜ਼ਬੂਰ ਕੀਤਾ ਜਾਂਦਾ ਹੈ? ਇਸ ਅਖੌਤੀ ਇੱਜ਼ਤ ਨੂੰ ਸਾਂਭਦ ਹੋਏ ਉਹ ਕਿੰਨੀਆਂ ਇੱਛਾਵਾਂ, ਪੜ੍ਹਾਈ, ਸਰੀਰਿਕ-ਮਾਨਸਿਕ ਲੋੜਾਂ ਕੁਰਬਾਨ ਕਰਦੀ ਹੈ, ਇਸ ਦਾ ਅੰਦਾਜ਼ਾ ਖ਼ੁਦ ਉਸ ਨੂੰ ਵੀ ਅੱਜ ਤੱਕ ਹੋਣ ਨਹੀਂ ਦਿੱਤਾ ਗਿਆ। ਉਸ ਦੇ ਦਿਮਾਗ਼ ਵਿੱਚ ਵੀ ਇਹ ਗੱਲ ਬਿਠਾ ਦਿੱਤੀ ਗਈ ਹੈ ਕਿ ਤੇਰੇ ਤਨ ਮਨ ਵਿੱਚ ਸਭ ਦੀ ਇੱਜ਼ਤ ਰੱਖੀ ਹੋਈ ਹੈ। ਸਾਰੀ ਜ਼ਿੰਦਗੀ ਸਭ ਦੀਆਂ ਨਜ਼ਰਾਂ ਵਿੱਚ ਉਚੀ-ਸੁੱਚੀ ਰਹਿਣ ਲਈ ਉਹ ਸਰੀਰਿਕ ਤੇ ਮਾਨਸਿਕ ਕੁਰਬਾਨੀਆਂ ਕਰੀ ਜਾਂਦੀ ਹੈ। ਆਪਣੇ-ਆਪ ਨੂੰ ਖ਼ਾਨਦਾਨੀ ਕਹਿਣ ਵਾਲੇ ਘਰਾਣੇ ਕੁੜੀਆਂ ਨੂੰ ਸੱਤ ਪਰਦਿਆਂ ਵਿੱਚ ਲੁਕੋ ਕੇ ਰੱਖਦੇ ਹਨ। ਗੁਆਂਢੀਆਂ ਦੇ ਘਰ ਜਾਣਾ ਹੋਵੇ ਤਾਂ ਵੀ ਕੋਈ ਨਾਲ ਹੋਣਾ ਜ਼ਰੂਰੀ ਹੈ। ਜੇਕਰ ਕੁੜੀ ਇਹ ਸਭ ਸਹਿਣੋਂ ਇਨਕਾਰ ਕਰਦੀ ਹੈ ਤਾਂ ਬਦਨਾਮ ਕੀਤੀ ਜਾਂਦੀ ਹੈ।

ਮਰਦ ਨੂੰ ਅਜਿਹੀ ਕੋਈ ਸਮੱਸਿਆ ਨਹੀਂ, ਕਿਉਂਕਿ ਇੱਜ਼ਤ ਦਾ ਉਸ ਨਾਲ ਕੋਈ ਲੈਣਾ ਦੇਣਾ ਨਹੀਂ। ਤੁਸੀਂ ਕਹੋਗੇ ਕਿ ਕੁੜੀਆਂ ਬਹੁਤ ਆਵਾਰਾਗਦੀ ਕਰਦੀਆਂ ਹਨ, ਨਸ਼ੇ ਵੀ ਕਰਦੀਆਂ ਹਨ ਤੇ ਸ਼ਰਾਬ ਵੀ ਪੀਂਦੀਆਂ ਹਨ। ਬਿਲਕੁਲ, ਸਭ ਕੁਝ ਕਰਦੀਆਂ ਹਨ। ਜਿਵੇਂ ਸਾਰੇ ਮਰਦ ਮਹਾਤਮਾ ਨਹੀਂ, ਔਰਤਾਂ ਵੀ ਨਹੀਂ। ਉਹ ਇੱਕ ਆਮ ਇਨਸਾਨ ਹਨ ਤੇ ਉਨ੍ਹਾਂ ਤੋਂ ਆਮ ਮਨੁੱਖ ਵਾਲੀਆਂ ਹੀ ਆਸਾਂ ਕਰਨੀਆਂ ਚਾਹੀਦੀਆਂ ਹਨ। ਕੁੜੀ ਆਮ ਇਨਸਾਨ ਹੈ ਤਾਂ ਉਸ ਵਿੱਚ ਆਮ ਇਨਸਾਨ ਵਾਲੀਆਂ ਸਾਰੀਆਂ ਕਮੀਆਂ ਖ਼ੂਬੀਆਂ ਹੋਣਾ ਸੁਭਾਵਿਕ ਹੈ, ਪਰ ਕੁੜੀ ਨਾਲ ਜੁੜੀ ਇੱਜ਼ਤ ਦੀ ਰਾਖੀ ਦੇ ਨਾਮ ਉੱਤੇ ਉਸ ਨੂੰ ਮਾਨਸਿਕ ਵਿਕਲਾਂਗ ਕਰ ਦੇਣਾ ਕਿੱਥੋਂ ਤੱਕ ਸਹੀ ਹੈ?

ਕੁੜੀਆਂ ਨੂੰ ਇਸ ਦੇ ਬਦਲੇ ਕੀ ਖ਼ਾਸ ਅਦਾ ਕੀਤਾ ਜਾਂਦਾ ਹੈ। ਸਮਾਜੀ ਢਾਂਚੇ ਅਨੁਸਾਰ ਉਹ ਘਰ ਦੀਆਂ ਹਨ ਨਾ ਘਾਟ ਦੀਆਂ। ਵਿਆਹ ਉਪਰ ਖ਼ਰਚ ਜ਼ਰੂਰ ਕੀਤਾ ਜਾਂਦਾ ਹੈ, ਪਰ ਸਹੁਰੇ ਘਰ ਦੁਖੀ ਹੋਣ ਦੀ ਹਾਲਤ ਵਿੱਚ ਦੁੱਖ ਸਹਿਣ ਤੇ ਰੱਬ-ਰੱਬ ਕਰਕੇ ਸਮਾਂ ਕੱਟਣ ਦੀ ਸਲਾਹ ਦਿੱਤੀ ਜਾਂਦੀ ਹੈ। ਮਾਂ-ਬਾਪ ਡਰਦੇ ਹਨ ਕਿ ਪੇਕੇ ਘਰ ਆ ਕੇ ਨਾ ਬੈਠ ਜਾਵੇ। ਮੁੱਢਲੇ ਅਧਿਕਾਰ ਉਨ੍ਹਾਂ ਨੂੰ 2020 ਵਿੱਚ ਵੀ ਨਹੀਂ ਮਿਲੇ, ਨਾ ਸੁਤੰਤਰਤਾ ਮਿਲੀ, ਨਾ ਸਮਾਨਤਾ, ਨਾ ਸੁਰੱਖਿਆ।

ਮੈਂ ਆਪਣੇ ਪਿੰਡ ਅਤੇ ਸਕੂਲ ਦੀਆਂ ਕੁੜੀਆਂ ਨੂੰ ਖ਼ੁਦ ਇਸ ਤਸ਼ੱਦਦ ਦਾ ਸ਼ਿਕਾਰ ਹੁੰਦਿਆਂ ਦੇਖਿਆ ਹੈ। ਸਾਡੇ ਘਰ ਪਰਵਾਰ ਤੇ ਸਕੂਲ ਵਿੱਚ ਅਜਿਹਾ ਮਾਹੌਲ ਸਿਰਜਿਆ ਗਿਆ ਸੀ ਜੋ ਦੱਸਦਾ ਸੀ ਕਿ ਮੁੰਡਾ ਕੋਈ ਭੂਤ ਚੁੜੇਲ ਹੈ ਜੋ ਤੁਹਾਨੂੰ ਖਾ ਜਾਵੇਗਾ। ਜੇ ਉਸਨੇ ਤੁਹਾਨੂੰ ਕੁਝ ਕਿਹਾ ਤਾਂ ਭੂਚਾਲ ਆ ਜਾਵੇਗਾ। ਜੇ ਕਿਸੇ ਕੁੜੀ ਨੇ ਮੁੰਡੇ ਨੂੰ ਬੁਲਾਇਆ ਵੀ ਤਾਂ ਉਹ ਮਾੜੀ ਕੁੜੀ ਹੋਵੇਗੀ। ਇਸ ਮਾਹੌਲ ਵਿੱਚ ਕਿਸੇ ਦਾ ਕੀ ਮਾਨਸਿਕ ਵਿਕਾਸ ਹੋਣਾ ਸੀ। ਦੁਨੀਆਂ ਔਰਤ ਅਤੇ ਮਰਦ ਦੋਵਾਂ ਨਾਲ ਚੱਲਦੀ ਹੈ। ਇੱਕ ਦੂਜੇ ਬਾਰੇ ਇਸ ਤਰ੍ਹਾਂ ਦਾ ਮਾਹੌਲ ਸਿਰਜਣਾ ਇੱਕ ਤਸ਼ੱਦਦ ਹੈ। ਇਸ ਸਭ ਨੇ ਸਾਡੇ ਦੁਆਲੇ ਇੱਕ ਬਹੁਤ ਡਰਾਉਣਾ ਅਤੇ ਸਹਿਮਿਆ ਮਾਹੌਲ ਸਿਰਜਿਆ। ਮੁੰਡੇ ਸਾਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ ਨਜ਼ਰ ਆਉਂਦੇ ਸਨ, ਜਿਵੇਂ ਉਹ ਡਾਕੂ ਲੁਟੇਰੇ ਹੋਣ। ਇਸੇ ਕਰਕੇ ਮੈਂ ਕਦੇ ਕਾਲਜ ਦੀ ਜ਼ਿੰਦਗੀ ਦੇਖ ਨਹੀਂ ਸਕੀ। 12ਵੀਂ ਤੋਂ ਬਾਅਦ ਮੇਰੀ ਸਾਰੀ ਪੜ੍ਹਾਈ ਪ੍ਰਾਈਵੇਟ ਹੋਈ। ਕਾਲਜ ਪੇਪਰ ਦੇਣ ਗਈ ਤਾਂ ਮੈਂ ਮੁੰਡਿਆਂ ਨੂੰ ਇਵੇਂ ਦੇਖਦੀ ਸੀ ਜਿਵੇਂ ਕੋਈ ਰਾਖਸ਼ ਹੋਣ।

ਬਾਲ ਮਨ ਨੂੰ ਬੜੀ ਸਮਝਦਾਰੀ ਨਾਲ ਸਹਿਜਣਾ ਸੰਵਾਰਨਾ ਪੈਂਦਾ ਹੈ। ਇੱਕ ਪੌਦੇ ਨੂੰ ਵਧਣ ਫੁੱਲਣ ਤੇ ਫ਼ਲਦਾਰ ਰੁੱਖ ਬਣਨ ਲਈ ਹਵਾ ਪਾਣੀ ਤੇ ਉਪਜਾਊ ਮਿੱਟੀ ਦੀ ਲੋੜ ਹੁੰਦੀ ਹੈ। ਜੇ ਇੱਕ ਚੀਜ਼ ਨੂੰ ਮਿੱਟੀ ਵਿੱਚ ਦੱਬ ਕੇ ਚਾਰੋਂ ਪਾਸੇ ਤੋਂ ਬੰਦ ਕਰ ਦੇਵਾਂਗੇ ਤਾਂ ਉਸਨੂੰ ਫ਼ਲ-ਫੁੱਲ ਕਿਵੇਂ ਲੱਗਣਗੇ? ਹਰ ਇਨਸਾਨ ਵਿੱਚ ਜਜ਼ਬਾਤ ਹੁੰਦੇ ਹਨ। ਤੁਹਾਡੇ-ਮੇਰੇ ਵਿੱਚੋਂ ਕੌਣ ਹੈ ਜਿਸਨੂੰ ਸਾਥੀ ਦੀ ਲੋੜ ਮਹਿਸੂਸ ਨਹੀਂ ਹੁੰਦੀ? ਸਭ ਨੂੰ ਇੱਕ ਮਹਿਬੂਬ ਚਾਹੀਦਾ ਹੈ, ਪਰ 'ਮੇਰੀ ਭੈਣ ਕਿਸੇ ਦੀ ਮਹਿਬੂਬ ਹੋਵੇ ਇਹ ਨਹੀਂ ਹੋਣਾ ਚਾਹੀਦਾ'। ਇਹ ਦੂਹਰੇ ਮਾਪਦੰਡ ਕਿਵੇਂ ਮੰਨੇ ਜਾ ਸਕਦੇ ਹਨ?

ਫ਼ਿਲਮ ਅਦਾਕਾਰ ਆਮਿਰ ਖ਼ਾਨ ਦੀ ਗੱਲ ਚੇਤੇ ਆਉਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਕੋਈ ਆਪਣੇ ਬੱਚੇ ਵਿੱਚ ਜਵਾਨ ਭਾਵਨਾਵਾਂ ਪ੍ਰਗਟ ਹੋਣ ਤੋਂ ਡਰਦਾ ਹੈ, ਜਦੋਂ ਕਿ ਮੈਂ ਉਡੀਕ ਕਰਦਾ ਹਾਂ ਕਿ ਜੋ ਖ਼ੂਬਸੂਰਤ ਅਹਿਸਾਸ ਮੈਂ ਹੰਢਾਏ ਸਨ, ਮੇਰੇ ਬੱਚੇ ਉਹ ਸਭ ਕਦੋਂ ਮਹਿਸੂਸ ਕਰਨਗੇ। ਇਹ ਹੋਈ ਅਕਲਮੰਦੀ ਦੀ ਗੱਲ। ਔਰਤ-ਮਰਦ ਜਾਂ ਪੰਛੀ-ਜਨੌਰ ਸਭ ਵਿੱਚ ਭਾਵਨਾਵਾਂ ਕੁਦਰਤ ਪੈਦਾ ਕਰਦੀ ਹੈ ਅਤੇ ਜਿਨ੍ਹਾਂ ਨੂੰ ਨਿਕਾਸ ਚਾਹੀਦਾ ਹੈ। ਜੇਕਰ ਨਹੀਂ ਮਿਲੇਗਾ, ਮਨੁੱਖ ਰੋਗੀ ਹੋ ਜਾਵੇਗਾ। ਜੋ ਵੀ ਕੁਦਰਤੀ ਭਾਵਨਾਵਾਂ ਦੇ ਪ੍ਰਗਟਾਵੇ ਵਿੱਚ ਰੁਕਾਵਟ ਪਾਉਂਦਾ ਹੈ, ਉਹ ਅਧਰਮੀ ਹੈ।

ਖ਼ਾਸਕਰ ਗੀਤਕਾਰਾਂ ਨੇ ਸਾਲਾਂ ਤੋਂ ਪੁੱਠੇ ਸਿੱਧੇ ਗੀਤ ਲਿਖ-ਲਿਖ ਕੇ ਸਮਾਜ ਦਾ ਬੇੜਾ ਗਰਕ ਕੀਤਾ ਹੈ। ਕੋਈ ਇੱਕ ਗੀਤ ਦੱਸੋ ਜਿਸ ਵਿੱਚ ਪੁੱਤਾਂ ਨੂੰ ਔਰਤਾਂ ਦਾ ਆਦਰ ਕਰਨ ਬਾਰੇ ਸਮਝਾਇਆ ਗਿਆ ਹੋਵੇ? ਮੁੰਡਿਆਂ ਨੂੰ ਸ਼ਰਾਬੀ, ਗੁੰਡੇ, ਗੈਂਗਸਟਰ ਬਣਾ ਕੇ ਪੇਸ਼ ਕਰਦੇ ਅਤੇ ਕੁੜੀਆਂ ਨੂੰ ਦੱਸਦੇ ਹਨ ਕਿ ਉਹ ਚਰਖੇ ਕੱਤਣਾ ਭੁੱਲ ਗਈਆਂ ਹਨ। ਉਨ੍ਹਾਂ ਨੂੰ ਚੱਜ ਨਹੀਂ ਰਿਹਾ। ਉਨ੍ਹਾਂ ਨੂੰ ਕੋਈ ਪੁੱਛੇ ਕਿ ਭਲੇਮਾਣਸੋ, ਜਦੋਂ ਮਸ਼ੀਨਾਂ ਸਭ ਕੰਮ ਕਰਦੀਆਂ ਹਨ ਤਾਂ ਕੁੜੀਆਂ ਕਿਉਂ ਚਰਖਾ ਕੱਤੀ ਜਾਣ? ਕੁੜੀਆਂ ਡਾਕਟਰ, ਇੰਜਨੀਅਰ, ਆਰਕੀਟੈਕਟ, ਪਾਇਲਟ, ਪ੍ਰੋਫੈਸਰ, ਅਫ਼ਸਰ ਹਨ ਤਾਂ ਕੀ ਚਰਖਾ ਕੱਤਣਾ ਇਸ ਸਭ ਤੋਂ ਵੱਧ ਜ਼ਰੂਰੀ ਹੈ? ਪਾਬੰਦੀਆਂ ਸੁਚੱਜੇ ਸਮਾਜ ਦੀ ਸਿਰਜਣਾ ਨਹੀਂ ਕਰ ਸਕਦੀਆਂ। ਇੱਕ ਸੁਚੱਜਾ ਸਮਾਜ ਸਿਰਜਣ ਲਈ ਜ਼ਿੰਦਗੀ ਲਈ ਇੱਕ ਵਿਸ਼ਾਲ ਅਤੇ ਨਿਰਪੱਖ ਨਜ਼ਰੀਏ ਦੀ ਜ਼ਰੂਰਤ ਹੁੰਦੀ ਹੈ।

# ਜਦੋਂ ਸ਼ਾਕਾ ਲਾਕਾ ਬੂਮ ਬੂਮ ਆਇਆ..




-ਸੁਰਜੀਤ ਭਗਤ-

ਗੱਲ ਕੋਈ ਦੋ ਦਹਾਕੇ ਪੁਰਾਣੀ ਹੈ। ਲੁਧਿਆਣੇ ਬੱਸ ਅੱਡੇ ਦੀ ਖੁੱਚ ਵਿੱਚ ਪੈਂਦਾ ਮਿੱਢਾ ਚੌਕ ਅਜੇ ਇਸ ਨਾਮ ਨਾਲ ਨਹੀਂ, ਸਗੋਂ 'ਮਿੱਢੇ ਦੀ ਦੁਕਾਨ ਵਾਲਾ ਚੌਕ' ਵੱਜਦਾ ਸੀ। ਓਦੋਂ ਬੱਚੇ, ਖਾਸਕਰ ਪ੍ਰਾਇਮਰੀ ਪੱਧਰ ਦੇ ਵਿਦਿਆਰਥੀ, ਦੂਰਦਸ਼ਨ ਤੋਂ ਦਿਖਾਏ ਜਾ ਰਹੇ ਸੀਰੀਅਲ 'ਸ਼ਾਕਾ ਲਾਕਾ ਬੂਮ ਬੂਮ' ਪਿੱਛੇ ਕਮਲੇ ਹੋਏ ਫਿਰਦੇ ਸਨ। ਜਿਵੇਂ ਕਿਹਾ ਜਾਂਦਾ ਹੈ ਕਿ ਵਪਾਰੀ, ਪੁਜਾਰੀ ਅਤੇ ਅਧਿਕਾਰੀ ਹਮੇਸ਼ਾ ਸਹੀ ਮੌਕੇ ਦੀ ਤਾੜ ਵਿੱਚ ਰਹਿੰਦੇ ਹਨ, ਬੱਸ ਇਸੇ ਆੜ ਵਿੱਚ ਸਟੇਸ਼ਨਰੀ ਦੇ ਵਪਾਰੀਆਂ ਨੇ 'ਸ਼ਾਕਾ ਲਾਕਾ ਬੂਮ ਬੂਮ' ਦੇ ਨਾਮ ਦੀਆਂ ਕਾਪੀਆਂ, ਕਾਪੀਆਂ ਤੇ ਚੜ੍ਹਾਉਣ ਵਾਲੇ ਕਵਰ, ਪੈਨ, ਪੈਨਸਿਲਾਂ ਆਦਿ ਉਤੇ ਸੀਰੀਅਲ ਦਾ ਅਜਿਹਾ ਰੰਗ ਚਾੜ੍ਹਿਆ ਕਿ ਬੱਚੇ ਇਸ ਕਿਸਮ ਦੀ ਸਟੇਸ਼ਨਰੀ ਦੇ ਦੀਵਾਨੇ ਹੋਏ ਫਿਰਦੇ ਸਨ।

ਦੁਪਹਿਰ ਵੇਲੇ ਕੋਈ ਬੱਚਾ ਆਪਣੇ ਬਾਪ ਨਾਲ 'ਸ਼ਾਕਾ ਲਾਕਾ ਬੂਮ ਬੂਮ' ਵਾਲੀ ਪੈਨਸਿਲ ਮਿੱਢਾ ਬੁੱਕ ਕੰਪਨੀ ਤੋਂ ਲੈਣ ਆਇਆ। ਸਟਾਕ ਵਿੱਚ ਨਾ ਹੋਣ ਅਤੇ ਦੁਕਾਨ ਅਤੇ ਭੀੜ ਹੋਣ ਕਾਰਨ ਉਥੇ ਕੰਮ ਕਰਨ ਵਾਲੇ ਇੱਕ ਮੁੰਡੇ ਨੇ ਕਹਿ ਦਿੱਤਾ, 'ਹੈ ਨੀ ਯਾਰ, ਸ਼ਾਮ ਨੂੰ ਆਊ।'

'ਪੱਕਾ?' ਬੱਚੇ ਨੇ ਤਸਦੀਕ ਕਰਨ ਲਈ ਦੁਬਾਰਾ ਪੁੱਛਿਆ।

'ਹਾਂ ਯਾਰ, ਆ ਜੂ ਤੇਰਾ ਸ਼ਾਕਾ ਲਾਕਾ ਬੂਮ ਬੂਮ, ਸ਼ਾਮ ਨੂੰ ਸੱਤ ਵਜੇ ਹਰ ਹਾਲਤ 'ਚ।'

ਉਸ ਨੇ ਬੇਧਿਆਨੀ ਅਤੇ ਬੇਪ੍ਰਵਾਹੀ ਨਾਲ ਬੱਚੇ ਨੂੰ ਇੱਕ ਤਰ੍ਹਾਂ ਨਾਲ ਗਲੋਂ ਲਾਹੁਣ ਲਈ ਕਹਿ ਕੇ ਪਿੱਛਾ ਛਡਾਉਣਾ ਚਾਹਿਆ। ਬੱਸ, ਇਥੇ ਹੀ ਗਲਤੀ ਹੋ ਗਈ। ਬੱਚੇ ਨੇ ਘਰ ਜਾ ਕੇ ਸਾਰੇ ਮੁਹੱਲੇ ਵਿੱਚ ਆਪਣੇ ਸਾਰੇ ਦੋਸਤਾਂ ਮਿੱਤਰਾਂ ਨੂੰ ਦੱਸ ਦਿੱਤਾ ਕਿ ਸ਼ਾਮੀਂ ਸੱਤ ਵਜੇ ਮਿੱਢਾ ਬੁੱਕ ਕੰਪਨੀ 'ਤੇ 'ਸ਼ਾਕਾ ਲਾਕਾ ਬੂਮ ਬੂਮ' ਆ ਰਿਹਾ ਹੈ, ਇਹ ਗੱਲ ਉਸ ਨੂੰ ਦੁਕਾਨ 'ਤੇ ਕੰਮ ਕਰਨ ਵਾਲੇ ਮੁੰਡੇ ਨੇ ਦੱਸੀ ਹੈ। ਉਸ ਨੇ ਇਹ ਵੀ ਕਿਹਾ ਹੈ ਕਿ ਸ਼ਾਮੀਂ ਹਰ ਹਾਲਤ ਸੱਤ ਵਜੇ ਉਹ ਉਥੇ ਮਿਲੇਗਾ। ਬੱਸ ਫਿਰ ਕੀ ਸੀ, ਸਾਰੇ ਇਲਾਕੇ ਵਿੱਚ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ। ਬੱਚਿਆਂ ਲਈ ਸੱਤ ਵਜੇ ਤੱਕ ਦਾ ਸਮਾਂ ਕੱਟਣਾ ਔਖਾ ਹੋ ਗਿਆ। ਖੈਰ! ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੇ ਸ਼ਾਮੀਂ ਛੇ ਵਜੇ ਤੱਕ ਹੀ ਸਬਰ ਕੀਤਾ। ਸ਼ਾਮੀਂ 6.30 ਵਜੇ ਤੱਕ ਮਿੱਢੇ ਵਾਲੇ ਚੌਕ ਵਿੱਚ ਸੈਂਕੜੇ ਬੱਚੇ ਆਪਣੇ ਮਾਪਿਆਂ ਸਹਿਤ ਪਹੁੰਚ ਗਏ। ਚੌਕ ਦੇ ਚਾਰੇ ਪਾਸੇ ਬੱਚਿਆਂ ਦਾ ਹਜੂਮ ਨਜ਼ਰ ਆਉਣ ਲੱਗ ਪਿਆ। ਕਿਸੇ ਨੂੰ ਕੁਝ ਸਮਝ ਨਹੀਂ ਸੀ ਲੱਗ ਰਹੀ। ਮਿੱਢੇ ਦੀ ਦੁਕਾਨ ਦੇ ਮਾਲਕ ਪਿਓ ਪੁੱਤਰ ਡੌਰ-ਭੌਰ ਹੋਏ ਫਿਰਦੇ ਸਨ ਕਿ ਇਹ ਹੋ ਕੀ ਰਿਹਾ ਹੈ? ਉਨ੍ਹਾਂ ਦੇ ਵੀ ਸਮਝ ਤੋਂ ਬਾਹਰ ਸੀ ਕਿ ਮਾਜਰਾ ਕੀ ਹੈ!


ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਦੇ ਹੱਥਾਂ ਦੇ ਤੋਤੇ ਉਡ ਗਏ, ਕਿਉਂਕਿ ਬੱਚਿਆਂ ਦੀ ਗਿਣਤੀ ਹਰ ਪਲ ਵਧ ਰਹੀ ਸੀ। ਉਪਰੋਂ ਹਨ੍ਹੇਰਾ ਪੈਣ ਨੂੰ ਸੀ। ਘਬਰਾਏ ਪਿਓ ਪੁੱਤਰ ਲੋਕਾਂ ਨੂੰ ਸਮਝਾ ਸਮਝਾ ਫਾਵੇਂ ਹੋ ਗਏ ਕਿ ਇਥੇ ਕੋਈ 'ਸ਼ਾਕਾ ਲਾਕਾ ਬੂਮ ਬੂਮ' ਨਹੀਂ ਆ ਰਿਹਾ, ਪਰ ਬੱਚੇ ਭਲਾ ਕਿੱਥੇ ਮੰਨਣ ਵਾਲੇ ਸਨ?

ਚੌਕ ਤੋਂ ਢੀਮ ਮਾਰਨ ਦੀ ਦੂਰੀ 'ਤੇ ਪੁਲਸ ਚੌਕੀ ਵਿੱਚ ਕਿਸੇ ਨੇ ਜਾ ਦੱਸਿਆ ਤਾਂ ਪੁਲਸ ਮੁਲਾਜ਼ਮ ਉਥੇ ਆ ਗਏ। ਬੱਚੇ ਟੱਸ ਤੋਂ ਮੱਸ ਨਹੀਂ ਸਨ ਹੋ ਰਹੇ। ਕਈ ਤਾਂ ਇਹ ਕਹਿ ਰਹੇ ਸਨ ਕਿ 'ਸ਼ਾਕਾ ਲਾਕਾ ਬੂਮ ਬੂਮ' ਮਿੱਢਿਆਂ ਦੇ ਚੁਬਾਰੇ ਵਿੱਚ ਬੈਠਾ ਹੈ, ਉਹ ਉਸ ਨੂੰ ਭੀੜ ਘਟਣ ਮਗਰੋਂ ਹੇਠਾਂ ਲਾਹੁਣਗੇ। ਪੁਲਸ ਵਾਲਿਆਂ ਨੇ ਵਾਲਿਆਂ ਨੇ ਆਪਣੀ ਵਾਹ ਲਾਈ ਪਰ ਪਰਨਾਲਾ ਅਜੇ ਵੀ ਉਥੇ ਸੀ। ਹਨ੍ਹੇਰਾ ਸੰਘਣਾ ਹੋ ਗਿਆ ਸੀ। ਦੁਕਾਨ ਤੇ ਕੋਈ ਗ੍ਰਾਹਕ ਤਦੇ ਆਉਣਾ ਸੀ, ਉਥੇ ਕੋਈ ਰਾਹ ਰਸਤਾ ਹੁੰਦਾ? ਕੋਈ ਹੋਰ ਰਾਹ ਨਾ ਮਿਲਦਾ ਦੇਖ ਕੇ ਉਨ੍ਹਾਂ ਦੁਕਾਨ ਬੰਦ ਕਰਨੀ ਮੁਨਾਸਿਬ ਸਮਝੀ, ਪਰ ਦੇਰ ਰਾਤ ਤੱਕ ਬੱਚੇ ਆਪਣੇ ਮਾਪਿਆਂ ਸਮੇਤ ਚੌਕ ਵਿੱਚ ਖੜ੍ਹੇ ਰਹੇ। ਆਖਿਰ ਰਾਤ 10 ਵਜੇ ਤੋਂ ਬਾਅਦ ਸਾਰੇ ਕਿਰਨ-ਮ-ਕਿਰਨੀ ਆਪੋ-ਆਪਣੇ ਘਰਾਂ ਨੂੰ ਹੋ ਤੁਰੇ।

ਇਸ ਗੱਲ ਨੂੰ ਭਾਵੇਂ 20 ਬੀਤ ਗਏ ਹਨ, ਪਰ ਮਿੱਢਾ ਪਰਵਾਰ ਅੱਜ ਵੀ ਉਸ ਘਟਨਾ ਨੂੰ ਯਾਦ ਕਰਕੇ ਹੱਸ ਹੱਸ ਦੂਹਰਾ ਹੋ ਜਾਂਦਾ ਹੈ।

# ਮੈਂ ____ਕੋਰੋਨਾ

ਅਮਰਜੀਤ ਕੌਰ



ਮੇਰਾ ਨਾਮ ਕੋਰੋਨਾ ਹੈ,ਮੈਂ ਇੱਕ ਵਾਇਰਸ ਹਾਂ।ਮੈਂ ਕੁਝ ਰਾਸਾਇਣਾਂ ਅਤੇ ਜੀਵ ਰਾਸਾਇਣਾਂ ਦਾ ਮੇਲ ਜੋਲ ਹਾਂ।ਮੇਰਾ

ਜਨਮ ਪ੍ਰੋਗਸ਼ਾਲਾਵਾਂ ਵਿੱਚ ਜਾਂ ਵਾਤਾਵਰਣਕ ਪਰਦੂਸ਼ਣ ਦੀਆਂ ਤਬਦੀਲੀਆਂ ਕਾਰਣ ਹੋ ਜਾਂਦਾ ਹੈ।ਮੇਰਾ ਆਪ੍ਣਾ ਕੋਈ ਵਜੂਦ ਨਹੀਂ ਹੈ ਪ੍ਰੰਤੂ ਜਦੋਂ ਵੀ ਮੈਂ ਕਿਸੇ ਜੀਵਤ ਪ੍ਰਾਣੀ ਦੇ ਸੰਪ੍ਰਕ ਆ ਜਾਂਦਾ ਹਾਂ ਤਾਂ ਬੇਰੋਕ ਰਫ਼ਤਾਰ ਨਾਲ ਵੱਧਣਾ ਸ਼ੁਰੂ ਕਰ ਦਿੰਦਾ ਹਾਂ।ਜਿਸ ਪ੍ਰਾਣੀ ਦੀ ਇਮਊਨਿਟੀਮਜ਼ਬਤੂ ਹੁੰਦੀ ਉਸ ਉਤੇ ਮੇਰਾ ਕੋਈ ਖਾਸ ਅਸਰ ਨਹੀਂ ਹੁੰਦਾ ਪ੍ਰੰਤੂ ਜਿਹੜੇ ਵਿਅਕਤੀ ਦੀ ਇਮਊਨਿਟੀ ਕਮਜ਼ੋਰ ਹੁੰਦੀ ਹੈ ਉਹ ਮੇਰੀ ਮਾਰ ਹੇਠਾਂ ਆ ਜਾਂਦਾ ਹੈ।ਬਹਤੁ ਵਾਰ ਤਾਂ ਉਸ ਵਿਚਾਰੇ ਨੂੰ ਜਿੰਦਗੀ ਤੋਂ ਹੱਥ ਧੋਣਾ ਪੈਂਦਾ ਹੈ।ਅਜਕਲ ਮੈਂ ਬਹਤੁ ਚਰਚਾ ਵਿੱਚ ਹਾਂ।ਕੋਈ ਚਾਰ ਪੰਜ ਮਹੀਨੇ ਪਹਿਲਾਂ ਮੈਂ ਚੀਨ ਦੇਸ਼ ਵਿੱਚ ਹੋਂਦ ਵਿੱਚ ਆਇਆ ਸੀ ਪ੍ਰੰਤੂ ਉਹਨਾਂ ਨੇ ਮੇਰੇ ਨਾਲ ਹੋਣ ਵਾਲੇ ਨੁਕਸਾਨ ਵੱਲ ਤਵੱਜੋ ਨਹੀਂ ਦਿੱਤੀ ।ਮੇਰੇ ਰਾਕਸ਼ਾਨਾ ਵਤੀਰੇ ਨੂੰ ਗੌਲਿਆ ਨਹੀਂ।ਦੇਖਦੇ ਦੇਖਦੇ ਮੈਂ ਸਾਰੀ ਦੁਨੀਆ ਵਿੱਚ ਇੱਕ ਮਹਾਂਮਾਰੀ ਦੇ ਰੂਪ੍ ਫੈਲ ਰਿਹਾ ਹਾਂ।ਮੈਨੂੰ ਤਾਂ ਆਪ ਨੂੰ ਨਹੀਂ ਪਤਾ ਕਿ ਮੈਂ ਕਿਸ ਦਾ ਕੀ ਨੁਕਸਾਨ ਕਰ ਬੈਠਾ ਹਾਂ ਤੇ ਹਾਲੇ ਵੀ ਕਰ ਰਿਹਾਂ ਹਾਂ।ਅਖ਼ਬਾਰਾਂ ਵਿੱਚੋਂ ਜਾਂ ਦੂਰਦਰਸ਼ਨ ਦੀਆਂ ਖ਼ਬਰਾਂ ਤੋਂ ਹੀ ਪਤਾ ਚਲਦਾ ਹੈ ਕਿ ਮੈਂ ਸਾਰੇ ਸੰਸਾਰ ਵਿੱਚ ਤਬਾਹੀ ਮਚਾ ਚੁੱਕਾਂ ਹਾਂ।ਸੱਚ ਪੁੱਛੋਂ ਤਾਂ ਮੈਨੂੰ ਆਪ ਨੂੰ ਵੀ ਨਹੀਂ ਪਤਾ ਮੈਂ ਇਹ ਕਿਉਂ ਕਰ ਰਿਹਾ ਹਾਂ ਜਾਂ ਮੇਰੇ ਰਾਹੀਂ ਇਹ ਕਿਉਂ ਹੋ ਰਿਹਾ ਹੈ।ਮੈਂ ਬਹਤੁ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਹਾਂ।ਮੈਂ ਸੋਚਦਾ ਦਾ ਹਾਂ ਕਿ ਮੈਨੂੰ ਹੁਣ ਚਲੇ ਜਾਣਾ ਚਾਹੀਦਾ ਹੈ।ਪਰ ਨਾਂ ਮੈਨੂੰ ਮੇਰੇ ਆਉਣ ਬਾਰੇ ਪਤਾ ਸੀ ਤੇ ਨਾ ਹੀ ਜਾਣ ਬਾਰੇ ਪਤਾ ਹੈ। ਇਹ ਤਾਂ ਤੁਸੀਂ ਮਨੁਖਾਂ ਨੇ ਹੀ ਹੱਲ ਕਰਨਾ ਹੈ ਜਾਂ ਲੱਭਣਾ ਹੈ। ਚਲੋ ਤਾਂ ਮੈਂ ਜਾਣਾ ਹੀ ਹੈ ਇੱਕ ਨਾ ਇੱਕ ਦਿਨ ਕਿਉਂਕਿ ਮੈਂ ਤਾਂ ਇੱਕ ਪ੍ਰਾਹੁਣਾ ਹਾਂ ਤੇ ਪ੍ਰਾਹੁਣਿਆਂ ਨੇ ਇੱਕ ਨਾ ਇੱਕ ਦਿਨ ਜਾਣਾ ਹੀ ਹੁੰਦਾ ਹੈ।ਮੈਂ ਜਾਣ ਤੋਂ ਪਹਿਲਾਂ ਤੁਹਾਡੇ ਸਭਨਾਂ ਤੋਂ ਮਾਫੀ ਮੰਗਣਾ ਚਾਹੁੰਦਾ ਹਾਂ ਖਾਸ ਕਰਕੇ ਉਹਨਾਂ ਤੋਂ ਮੇਰੇ ਕਾਰਣ ਜਿਹੜੇ ਪ੍ਰਰਵਾਰਾਂ ਦੇ ਜੀਅ ਇਸ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੇ ਹਨ। ਮੈਂ ਸੁਣਿਆ ਹੈ ਕਿ ਮੇਰੇ ਡਰ ਕਾਰਣ ਲੋਕਾਂ ਨੇ ਆਪ੍ਣੀ ਜੀਵਨ ਸ਼ੈਲੀ ਕਾਫ਼ੀ ਬਦਲ ਲਈ ਹੈ।ਸਫਾਈ ਦੀ ਆਦਤ ਚਰਮ ਸੀਮਾ ਤੱਕ ਪਹੁੰਚ ਗਈ ਹੈ।ਮੇਰੇ ਕਾਰਣ ਲੋਕਾਂ ਦੇ ਮੌਜਮੇਲੇ ਵਿੱਚ ਵੀ ਬਹਤੁ ਘਾਟ ਮਹਿਸੂਸ ਕੀਤੀ ਗਈ।ਮਨ ਪ੍ਰਚਾਵੇ ਤੋਂ ਵੀ ਮਨੁੱਖ ਕਿੰਨੀ ਹੀ ਦੇਰ ਵਾਸਤੇ ਵਾਂਝਾ ਰਿਹਾ ਹੈ। ਜਾਣ ਤੋਂ ਪਹਿਲਾਂ ਮੈਂ ਇੱਕ ਚਿਤਾਵਨੀ ਜਰੂਰ ਦੇਣੀ ਚਾਹਾਂਗਾ ਕਿ ਮੇਰੇ ਪ੍ਰਭਾਵ ਨੂੰ ਜਲਦੀ ਹੀ ਮਨੋਂ ਨਾ ਵਿਸਾਰ ਦੇਣਾ।ਜੋ ਚੰਗੀਆਂ ਆਦਤਾਂ ਪਾਈਆ ਹਨ ਉਹ ਛੱਡਣੀਆਂ ਨਹੀਂ ਹਨ।ਵਾਤਾਵਰਣ ਨੂੰ ਪ੍ਰਦੂਸ਼ਤ ਨਾ ਕਰਨ ਦੀ ਸਹੁੰ ਹੀ ਚੁੱਕ ਲੈਣੀ ਹੈ। ਸਭ ਤੋਂ ਉੱਤੇ ਇਹ ਕਿ ਪਰਮ ਪਿਤਾ ਪ੍ਰਮਾਤਮਾ ਨੂੰ ਕਦੇ ਵੀ ਨਹੀਂ ਵਿਸਾਰਨਾ ਹੈ।

ਰੱਬ ਰਾਖਾ!ਸਰਬੱਤ ਦਾ ਭਲਾ!

ਅਮਰਜੀਤ ਕੌਰ,
ਲੁਧਿਆਣਾ।

# ਹਲਕਾ ਫੁਲਕਾ

ਕੰਜੂਸ ਸਹੁਰੇ ਨੇ ਜਵਾਈ ਨੂੰ ਚੈਸ ਬੋਰਡ (ਸ਼ਤਰੰਜ) ਦਿੱਤੀ।

ਜਵਾਈ, ''ਇਹ ਤੁਸੀਂ ਕਿਸ ਲਈ ਦੇ ਰਹੇ ਹੋ?''

ਸਹੁਰਾ, ''ਤਮੰਨਾ ਸੀ ਕਿ ਆਪਣੀ ਬੇਟੀ ਦੇ ਵਿਆਹ ਵਿੱਚ ਹਾਥੀ, ਘੋੜੇ, ਊਠ, ਨੌਕਰ-ਚਾਕਰ ਦੇਵਾਂ। ਅੱਜ ਇਹ ਤਮੰਨਾ ਪੂਰੀ ਹੋ ਗਈ।''

*********

ਪਤਨੀ ਬਾਜ਼ਾਰ ਤੋਂ ਨਵੀਂ ਸਾੜੀ ਲੈ ਕੇ ਪਤੀ ਕੋਲ ਆਈ ਅਤੇ ਬੋਲੀ, ''ਕਿਤੇ ਨਾ ਜਾਣਾ, ਮੈਂ ਅਜੇ ਨਵੀਂ ਸਾੜ੍ਹੀ ਪਹਿਨ ਕੇ ਆਉਂਦੀ ਹੈ।''

ਪਤੀ, ''ਠੀਕ ਹੈ, ਜਲਦੀ ਆਉਣਾ।''

ਪਤਨੀ, ''ਕਿਹੋ ਜਿਹੀ ਲੱਗ ਰਹੀ ਹਾਂ, ਦੇਖ ਕੇ ਦੱਸੋ।''

ਪਤੀ, ''ਬਹੁਤ ਸੁੰਦਰ, ਤੈਨੂੰ ਦੇਖ ਕੇ ਤਾਂ ਮਨ ਕਰ ਰਿਹਾ ਹੈ ਕਿ ਕਿੱਸ ਕਰ ਲਵਾਂ।''

ਪਤਨੀ, ''ਹਾਂ, ਪਤਾ ਹੈ ਦੁਕਾਨਦਾਰ ਵੀ ਅਜਿਹਾ ਹੀ ਬੋਲ ਰਿਹਾ ਸੀ।''

*********

ਟੀਚਰ (ਕਲਾਸ 'ਚ), ''ਦਿੱਲੀ ਵਿੱਚ ਕੁਤੁਬ ਮੀਨਾਰ ਹੈ।''

ਜਦ ਟੀਚਰ ਪੜ੍ਹਾ ਰਿਹਾ ਸੀ, ਪੱਪੂ ਕਲਾਸ ਵਿੱਚ ਸੌਂ ਰਿਹਾ ਸੀ। ਟੀਚਰ ਨੇ ਉਸ ਨੂੰ ਜਗਾਇਆ ਅਤੇ ਪੁੱਛਿਆ, ''ਦੱਸ ਮੈਂ ਹੁਣੇ ਕੀ ਬੋਲਿਆ?''

ਪੱਪੂ, ''ਦਿੱਲੀ 'ਚ ਕੁੱਤਾ ਬੀਮਾਰ ਹੈ।''

# 3300 ਰੁਪਏ ਪ੍ਰਤੀ ਏਕੜ ਮਜ਼ਦੂਰੀ 'ਤੇ ਕਿਸਾਨ ਪ੍ਰਵਾਸੀ ਮਜ਼ਦੂਰ ਲੈ ਕੇ ਆਏ



ਲੁਧਿਆਣਾ, 11 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਸੰਕਟ ਦੌਰਾਨ ਬਹੁਤ ਸਾਰੇ ਪ੍ਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਉੱਤਰ ਪ੍ਰਦੇਸ਼ ਅਤੇ ਬਿਹਾਰ ਵੱਲ ਪਰਤ ਗਏ ਸਨ ਤੇ ਜਿਹੜੇ ਮਜ਼ਦੂਰ ਸਿਰਫ਼ ਝੋਨੇ ਦੀ ਲਵਾਈ ਲਈ ਆਉਂਦੇ ਸਨ, ਉਹ ਪੈਸਾ ਕਮਾਉਣ ਅਤੇ ਮਜ਼ਦੂਰੀ ਕਰਨ ਲਈ ਆਉਣਾ ਵੀ ਚਾਹੁਣ ਤਾਂ ਸਾਧਨ ਨਹੀਂ ਸੀ। ਇਸ ਲਈ ਪੰਜਾਬ ਦੇ ਕਈ ਕਿਸਾਨ ਗੱਡੀਆਂ ਕਿਰਾਏ 'ਤੇ ਕਰਵਾ ਕੇ ਬਾਹਰਲੇ ਰਾਜਾਂ ਤੋਂ ਝੋਨਾ ਲਵਾਈ ਲਈ ਮਜ਼ਦੂਰ ਲਿਆ ਰਹੇ ਹਨ। ਇਸ ਦੌਰਾਨ ਪਰਵਾਸੀ ਮਜ਼ਦੂਰਾਂ ਦੀ ਕਮੀ ਕਰਕੇ ਘਰੇਲੂ ਮਜ਼ਦੂਰਾਂ ਦੀ ਮੰਗ ਵਧ ਗਈ ਅਤੇ ਮਜ਼ਦੂਰੀ ਵਿੱਚ ਵਾਧਾ ਹੋਇਆ ਹੈ। ਮੰਗ ਅਤੇ ਪੂਰਤੀ ਦੇ ਹਿਸਾਬ ਨਾਲ ਸੁਭਾਵਿਕ ਸੀ ਕਿ ਮਜ਼ਦੂਰਾਂ ਦੀ ਮੰਗ ਵਿੱਚ ਵਾਧਾ ਹੋਵੇ, ਪਰ ਕਿਸਾਨਾਂ ਕੋਲ ਪਿਛਲੇ ਸਾਲ ਨਾਲੋਂ ਦੁੱਗਣੀ ਮਜ਼ਦੂਰੀ ਦੇਣ ਦੀ ਸਮੱਰਥਾ ਨਹੀਂ। ਘਰੇਲੂ ਮਜ਼ਦੂਰ ਇੱਕ ਕਿੱਲੇ ਦੇ 5000 ਤੋਂ 7000 ਰੁਪਏ ਮੰਗਦੇ ਹਨ। ਇਸ ਲਈ ਪੰਜਾਬ ਦੇ ਕਈ ਕਿਸਾਨਾਂ ਨੇ ਸੋਚਿਆ ਕਿ ਕਿਉਂ ਨਾ ਪ੍ਰਵਾਸੀ ਮਜ਼ਦੂਰਾਂ ਨੂੰ ਫਿਰ ਝੋਨੇ ਦੀ ਲਵਾਈ ਲਈ ਲਿਆਂਦਾ ਜਾਵੇ। ਬਰਨਾਲੇ ਜ਼ਿਲ੍ਹੇ ਦੇ ਇੱਕ ਕਿਸਾਨ ਨੇ ਦੱਸਿਆ ਕਿ ਪਿੰਡ ਵਿੱਚ ਚੱਲਦੀ ਮਹਿੰਗੀ ਮਜ਼ਦੂਰੀ ਦੇਣ ਦੇ ਅਸੀਂ ਕਾਬਲ ਨਹੀਂ ਅਤੇ ਰਾਜਸਥਾਨ ਦੇ ਅਲਵਰ ਤੋਂ ਮਜ਼ਦੂਰ ਲੈ ਕੇ ਆਏ ਹਾਂ। ਇਹ ਮਜ਼ਦੂਰ ਪਿਛਲੇ ਕਈ ਸਾਲਾਂ ਤੋਂ ਸੰਪਰਕ ਵਿੱਚ ਹਨ ਅਤੇ ਹਰ ਸਾਲ ਝੋਨਾ ਲਾਉਣ ਆਉਂਦੇ ਹਨ। ਸਮਾਜਿਕ ਦੂਰੀ ਦੀ ਧਿਆਨ ਰੱਖਦੇ ਹੋਏ ਦੋ ਗੱਡੀਆਂ 'ਚ ਪੰਦਰਾਂ ਮਜ਼ਦੂਰ ਲਿਆਂਦੇ ਹਨ, ਜਿਨ੍ਹਾਂ ਨੂੰ ਲਿਆਉਣ ਦਾ ਖਰਚਾ 30000 ਰੁਪਏ ਹੋਇਆ ਹੈ। ਪਿੰਡ ਵਿੱਚ ਜਿੰਨੇ ਵੀ ਕਿਸਾਨਾਂ ਦੇ ਇਹ ਮਜ਼ਦੂਰ ਝੋਨਾ ਲਾਉਣਗੇ, ਉਹ ਕਿਸਾਨ ਮਜ਼ਦੂਰਾਂ ਨੂੰ ਲਿਆਉਣ ਦਾ ਖਰਚਾ ਆਪਸ ਵਿੱਚ ਵੰਡ ਲੈਣਗੇ। ਉਨ੍ਹਾਂ ਕਿਹਾ ਕਿ ਇਹ ਮਜ਼ਦੂਰ 3300 ਰੁਪਏ ਪ੍ਰਤੀ ਏਕੜ ਵਿੱਚ ਝੋਨਾ ਲਾਉਣ ਲਈ ਤਿਆਰ ਹਨ ਜੋ ਘਰੇਲੂ ਮਜ਼ਦੂਰਾਂ ਦੇ ਮੁਕਾਬਲੇ ਬਹੁਤ ਘੱਟ ਹੈ। ਇਸ ਨਾਲ ਘਰੇਲੂ ਮਜ਼ਦੂਰਾਂ ਨੂੰ ਮਾਰ ਪਵੇਗੀ ਕਿਉਂਕਿ ਪਹਿਲਾਂ ਹੀ ਤਾਲਾਬੰਦੀ ਕਾਰਨ ਉਨ੍ਹਾਂ ਕੋਲ ਕੰਮ ਨਹੀਂ ਸੀ ਅਤੇ ਪ੍ਰਵਾਸੀ ਮਜ਼ਦੂਰਾਂ ਨਾਲ ਮੁਕਾਬਲਾ ਹੋਣ ਕਰ ਕੇ ਉਨ੍ਹਾਂ ਨੂੰ ਝੋਨੇ ਦੀ ਲਵਾਈ ਦਾ ਮੁੱਲ ਘਟਾਉਣਾ ਪਵੇਗਾ।

2012 ਦਾ ਐੱਨ ਆਰ ਆਈ ਅਗਵਾ ਕਾਂਡ:

# ਹਾਈ ਕੋਰਟ ਨੇ ਦੋਸ਼ੀਆਂ ਦੀ ਉਮਰ ਕੈਦ ਦੀ ਸਜ਼ਾ 10 ਸਾਲ ਸਜ਼ਾ ਵਿੱਚ ਬਦਲੀ




ਚੰਡੀਗੜ੍ਹ, 11 ਜੂਨ (ਪੋਸਟ ਬਿਊਰੋ)- ਸਾਲ 2012 ਦੇ ਚਰਚਿਤ ਐੱਨ ਆਰ ਆਈ ਨਵਨੀਤ ਸਿੰਘ ਚੱਠਾ ਅਗਵਾ ਅਤੇ ਫਿਰੌਤੀ ਮੰਗਣ ਵਾਲੇ ਕੇਸ ਵਿੱਚ ਉਮਰ ਕੈਦ ਦੋਸ਼ੀਆਂ ਦੀ ਸਜ਼ਾ ਹਾਈ ਕੋਰਟ ਨੇ ਘੱਟ ਕਰ ਕੇ ਦੱਸ ਸਾਲ ਕਰ ਦਿੱਤੀ ਹੈ। ਹੇਠਲੀ ਅਦਾਲਤ ਵੱਲੋਂ ਦੋਸ਼ੀਆਂ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ ਦਾ ਮੁੱਖ ਆਧਾਰ ਅਗਵਾ ਦੇ ਨਾਲ ਫਿਰੌਤੀ ਮੰਗੇ ਜਾਣਾ ਸੀ। ਤੈਅ ਕਾਨੂੰਨ ਮੁਤਾਬਕ ਅਗਵਾ ਕੇਸ ਵਿੱਚ ਫਿਰੌਤੀ ਮੰਗੇ ਜਾਣ ਦੀ ਸੂਰਤ ਵਿੱਚ ਉਮਰ ਕੈਦ ਜਾਂ ਸਿਖਰਲੀ ਸਜ਼ਾ ਦੀ ਵਿਵਸਥਾ ਹੈ, ਜਦ ਕਿ ਜੇ ਫਿਰੌਤੀ ਨਾ ਮੰਗੀ ਗਈ ਹੋਵੇ ਤਾਂ ਵੱਧ ਤੋਂ ਵੱਧ 10 ਸਾਲਾ ਸਜ਼ਾ ਹੁੰਦੀ ਹੈ। ਹਾਈ ਕੋਰਟ ਨੇ ਇਸੇ ਨੁਕਤੇ ਕਾਰਨ ਇਸ ਕੇਸ ਵਿੱਚ ਫਿਰੌਤੀ ਮੰਗਣ ਦੇ ਸਬੂਤ ਸਾਬਤ ਨਾ ਹੋਣ ਕਰ ਕੇ ਸਜ਼ਾ ਘਟਾਈ ਹੈ। ਇਸ ਕੇਸ ਵਿੱਚ ਨਵਨੀਤ ਸਿੰਘ ਚੱਠਾ ਨੂੰ ਚੰਡੀਗੜ੍ਹ ਤੋਂ ਅਗਵਾ ਕਰ ਕੇ ਕੁਰੂਕਸ਼ੇਤਰ ਲਿਜ-ਾਇਆ ਗਿਆ ਸੀ, ਜਿੱਥੋਂ ਉਸ ਦੇ ਵਿਦੇਸ਼ ਰਹਿੰਦੇ ਭਰਾ ਨੂੰ ਫਿਰੌਤੀ ਦਾ ਫੋਨ ਕੀਤਾ ਹੋਣ ਦਾ ਦੋਸ਼ ਲਾਇਆ ਗਿਆ ਸੀ, ਪਰ ਬਾਅਦ ਵਿੱਚ ਚੰਡੀਗੜ੍ਹ ਪੁਲਸ ਨੇ ਦੁਵੱਲੀ ਫਾਇਰਿੰਗ ਤੋਂ ਬਾਅਦ ਚੱਠਾ ਨੂੰ ਅਗਵਾਕਾਰਾਂ ਦੇ ਚੁੰਗਲ ਵਿੱਚੋਂ ਛੁਡਾ ਲਿਆ ਸੀ। ਇਸ ਮਾਮਲੇ ਦਾ ਇੱਕ ਪਹਿਲੂ ਇਹ ਸੀ ਕਿ ਚੱਠਾ ਅਤੇ ਅਗਵਾਕਾਰਾਂ ਵਿਚਾਲੇ ਜ਼ਮੀਨੀ ਵਿਵਾਦ ਵੀ ਸੀ। ਹੇਠਲੀ ਅਦਾਲਤ ਵੱਲੋਂ ਇਸ ਮਾਮਲੇ ਵਿੱਚ ਦੋਸ਼ੀਆਂ ਪ੍ਰਦੀਪ ਮਲਿਕ, ਸੰਜੀਵ ਕੁਮਾਰ, ਅਨਿਲ ਕੁਮਾਰ, ਅਜੀਤ ਸਿੰਘ, ਨਿਤਿਨ ਅਤੇ ਸੁਖਦੇਵ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਉਨ੍ਹਾਂ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ।

# ਚੋਰ 16 ਲੱਖ ਰੁਪਏ ਸਮੇਤ ਏ ਟੀ ਐੱਮ ਮਸ਼ੀਨ ਪੁੱਟ ਕੇ ਲੈ ਗਏ



ਲਾਲੜੂ, 11 ਜੂਨ (ਪੋਸਟ ਬਿਊਰੋ)- ਪਿੰਡ ਦੱਪਰ ਦੇ ਪੰਜਾਬ ਨੈਸ਼ਨਲ ਬੈਂਕ ਦੇ ਏ ਟੀ ਐੱਮ ਵਾਲੇ ਕਮਰੇ ਦਾ ਸ਼ਟਰ ਤੋੜ ਕੇ ਲੁਟੇਰੇ ਏ ਟੀ ਐੱਮ ਮਸ਼ੀਨ ਲੈ ਗਏ। ਇਸ ਵਿੱਚ ਕਰੀਬ 16 ਲੱਖ ਰੁਪਏ ਦੀ ਨਕਦੀ ਦੱਸੀ ਗਈ ਹੈ।

ਇਹ ਵਾਰਦਾਤ ਤੜਕੇ ਸਵਾ ਦੋ ਵਜੇ ਦੀ ਹੈ। ਏ ਟੀ ਐੱਮ ਦੇ ਬਾਹਰ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਦਿਖਾਈ ਦੇ ਰਿਹਾ ਹੈ ਕਿ ਇੱਕ ਮਹਿੰਦਰਾ ਗੱਡੀ ਤੋਂ ਉੱਤਰ ਕੇ ਮੂੰਹ ਢਕੇ ਹੋਏ ਦੋ ਨੌਜਵਾਨਾਂ ਨੇ ਆਉਂਦਿਆਂ ਸਾਰ ਪਹਿਲਾਂ ਕੈਮਰਾ ਤੋੜਿਆ, ਫਿਰ ਸੱਬਲ ਜਾਂ ਕਿਸੇ ਜੈੱਕ ਦੀ ਮਦਦ ਨਾਲ ਬੰਦ ਤਾਲੇ ਸਮੇਤ ਸ਼ਟਰ ਉਠਾ ਦਿੱਤਾ। ਲੁਟੇਰਿਆਂ ਨੇ ਅੰਦਰ ਵੜ ਕੇ ਮੋਟੇ ਰੱਸੇ ਨਾਲ ਮਸ਼ੀਨ ਨੂੰ ਜੀਪ ਨਾਲ ਬੰਨ੍ਹ ਕੇ ਝਟਕਾ ਮਾਰ ਕੇ ਪੁੱਟ ਲਿਆ ਅਤੇ ਮਹਿੰਦਰਾ ਜੀਪ ਵਿੱਚ ਲੱਦ ਕੇ ਨਾਲ ਲੈ ਗਏ। ਦੱਪਰ ਵਿੱਚ ਪੰਜਾਬ ਨੈਸ਼ਨਲ ਬੈਂਕ ਦੇ ਨਾਲ ਏ ਟੀ ਐੱਮ ਇੱਕ ਦੁਕਾਨ ਵਿੱਚ ਹੈ। ਏ ਟੀ ਐੱਮ ਮਸ਼ੀਨ ਤੋੜਨ ਤੋਂ ਬਾਅਦ ਇਥੇ ਦਾ ਸਾਇਰਨ ਕਾਫੀ ਦੇਰ ਬਾਅਦ ਵੱਜਿਆ, ਇਸ ਤੋਂ ਪਹਿਲਾਂ ਮਸ਼ੀਨ ਦੇ ਇਲੈਕਟ੍ਰਾਨਿਕ ਜੰਤਰ ਡੈਮੇਜ ਹੋਣ ਕਾਰਨ ਇਸ ਦਾ ਅਲਰਟ ਸਭ ਤੋਂ ਪਹਿਲਾਂ ਮੁੰਬਈ ਹੈੱਡਕੁਆਰਟਰ ਵਿੱਚ ਵੱਜ ਗਿਆ ਸੀ। ਮੁੰਬਈ ਵਾਲਿਆਂ ਨੇ ਦੱਪਰ ਦੀ ਬਰਾਂਚ ਦੇ ਬੈਂਕ ਅਫਸਰਾਂ ਨੂੰ ਦੱਸਿਆ। ਬੈਂਕ ਮੈਨੇਜਰ ਅਸ਼ੀਸ਼ ਅਧਿਕਾਰੀ ਅਨੁਸਾਰ ਉਨ੍ਹਾਂ ਨੂੰ ਵਾਰਦਾਤ ਦਾ ਪਤਾ ਤੜਕੇ ਸਵਾ ਤਿੰਨ ਵਜੇ ਲੱਗਾ। ਲਾਲੜੂ ਥਾਣਾ ਦੇ ਮੁਖੀ ਗੁਰਚਰਨ ਸਿੰਘ ਮੌਕੇ 'ਤੇ ਪੁੱਜੇ। ਉਨ੍ਹਾਂ ਦੱਸਿਆ ਕਿ ਮਸ਼ੀਨ ਵਿੱਚ ਕਰੀਬ 16 ਲੱਖ ਰੁਪਏ ਦੀ ਨਕਦੀ ਹੋ ਸਕਦੀ ਹੈ, ਜਿਸ ਦੀ ਸਹੀ ਗਿਣਤੀ ਬਾਅਦ ਵਿੱਚ ਪਤਾ ਲੱਗੇਗੀ।

ਆਮ ਆਦਮੀ ਪਾਰਟੀ ਵੱਲੋਂ ਦੋਸ਼

# ਨੈਸ਼ਨਲ ਹਾਈਵੇ ਜ਼ਮੀਨ ਘਪਲਾ ਕਾਂਗੜ ਤੇ ਵਿਧਾਇਕ ਹਰਜੋਤ ਨੇ ਕੀਤੈ


ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ

ਚੰਡੀਗੜ੍ਹ, 11 ਜੂਨ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਨੇ ਬਠਿੰਡਾ-ਮੋਗਾ-ਜਲੰਧਰ-ਜੰਮੂ ਨੂੰ ਜੋੜਨ ਵਾਲੇ ਨੈਸ਼ਨਲ ਹਾਈਵੇਅ ਨੰਬਰ 105-ਬੀ ਵਿੱਚ ਅਰਬਾਂ ਰੁਪਏ ਦੇ ਜ਼ਮੀਨ ਘਪਲੇ ਦਾ ਦੋਸ਼ ਲਾ ਕੇ ਇਸ ਪੂਰੇ ਸਕੈਂਡਲ ਦੀ ਹਾਈ ਕੋਰਟ ਦੇ ਮੌਜੂਦਾ ਜੱਜਾਂ ਕੋਲੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕੱਲ੍ਹ ਚੰਡੀਗੜ੍ਹ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਇਹ ਜ਼ਮੀਨ ਘਪਲਾ ਪੰਜਾਬ ਦੇ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਤੇ ਮੋਗਾ ਤੋਂ ਕਾਂਗਰਸੀ ਵਿਧਾਇਕ ਹਰਜੋਤ ਕਮਲ ਦੇ ਨਾਲ ਹਾਕਮ ਧਿਰ ਦੇ ਹੋਰ ਆਗੂਆਂ, ਅਫ਼ਸਰਾਂ ਤੇ ਦਲਾਲਾਂ ਦੇ ਹਾਈਪ੍ਰੋਫਾਈਲ ਲੈਂਡ ਮਾਫ਼ੀਏ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਐਨ ਐਚ 105-ਬੀ ਬਠਿੰਡਾ-ਅੰਮ੍ਰਿਤਸਰ ਨੂੰ ਬਾਘਾ ਪੁਰਾਣਾ-ਮੋਗਾ-ਧਰਮਕੋਟ ਅਤੇ ਜਲੰਧਰ-ਜੰਮੂ ਹਾਈਵੇ ਨਾਲ ਸਿੱਧਾ ਜੋੜਨ ਲਈ ਬਣਿਆ ਹੈ, ਜਿਸ ਲਈ ਧਰਮਕੋਟ, ਮੋਗਾ, ਬਾਘਾ ਪੁਰਾਣਾ, ਜੈਤੋ ਅਤੇ ਰਾਮਪੁਰਾ ਫੂਲ ਹਲਕਿਆਂ ਦੀਆਂ ਜ਼ਮੀਨਾਂ ਐਕਵਾਇਰ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜਿਵੇਂ 2007 ਤੋਂ 2017 ਤੱਕ ਹਾਕਮ ਅਕਾਲੀ-ਭਾਜਪਾ ਸਰਕਾਰ ਦੀ ਸਰਪ੍ਰਸਤੀ ਵਾਲਾ ਲੈਂਡ ਮਾਫੀਆ ਕਿਸਾਨਾਂ ਕੋਲੋਂ ਜ਼ਮੀਨ ਕੌਡੀਆਂ ਦੇ ਭਾਅ ਖਰੀਦਦਾ ਅਤੇ ਅਫਸਰਾਂ ਦੀ ਮਿਲੀਭੁਗਤ ਨਾਲ ਕਈ ਗੁਣਾ ਵੱਧ ਮੁੱਲ 'ਤੇ ਸਰਕਾਰ ਨੂੰ ਐਕਵਾਇਰ ਕਰਾਉਂਦਾ ਸੀ, ਉਸੇ ਤਰ੍ਹਾਂ ਐਨ ਐਚ 105-ਬੀ ਲਈ ਜ਼ਮੀਨ ਐਕਵਾਇਰ ਕਰਨ ਲਈ ਕਾਂਗਰਸੀ ਆਗੂਆਂ, ਅਫ਼ਸਰਾਂ ਤੇ ਦਲਾਲਾਂ ਨੇ ਅਰਬਾਂ ਦੀ ਮੋਟੀ ਕਮਾਈ ਕੀਤੀ ਹੈ। ਚੀਮਾ ਨੇ ਦਸਤਾਵੇਜ਼ ਪੇਸ਼ ਵਿਖਾ ਕੇ ਕਿਹਾ ਕਿ 10 ਜਨਵਰੀ 2020 ਨੂੰ ਇਸ ਜ਼ਮੀਨ ਦੀ ਪਛਾਣ ਲਈ ਪਹਿਲਾ ਨੋਟੀਫਿਕੇਸ਼ਨ ਜਾਰੀ ਹੋਇਆ, ਇਸ ਦੇ ਜਾਰੀ ਹੋਣ ਤੋਂ ਪਹਿਲਾਂ ਸੱਤਾਧਾਰੀ ਕਾਂਗਰਸ ਦੇ ਆਗੂ ਅਤੇ ਸਬੰਧਿਤ ਅਧਿਕਾਰੀ ਇਸ ਪ੍ਰੋਜੈਕਟ ਬਾਰੇ ਪੂਰੀ ਤਰ੍ਹਾਂ ਜਾਣ ਚੁੱਕੇ ਸਨ। ਦੂਸਰਾ ਨੋਟੀਫਿਕੇਸ਼ਨ 21 ਮਈ 2020 ਤੇ ਅੰਤਿਮ ਨੋਟੀਫਿਕੇਸ਼ਨ 22 ਮਈ 2020 ਨੂੰ ਜਾਰੀ ਹੋਇਆ। ਨਵੰਬਰ 2019 ਤੋਂ ਮਈ 2020 ਤੱਕ ਐਨ ਐਚ 105-ਬੀ ਹੇਠਲੀ ਜ਼ਮੀਨ ਦੀਆਂ 55 ਤੋਂ ਵੱਧ ਸੇਲ ਡੀਡਜ਼ (ਰਜਿਸਟਰੀਆਂ) ਹੋਈਆਂ। ਇਹ ਸੇਲ ਡੀਡਜ਼/ ਰਜਿਸਟਰੀਆਂ ਜਾਂ ਪਾਵਰ ਆਫ਼ ਅਟਾਰਨੀਜ਼ ਭੋਲੇ-ਭਾਲੇ ਕਿਸਾਨਾਂ ਤੋਂ ਕਿਸੇ ਹੋਰ ਦੇ ਨਹੀਂ, ਇਨ੍ਹਾਂ ਸਿਆਸੀ ਆਗੂਆਂ ਦੇ ਨਾਂ 'ਤੇ ਕਰਵਾਈਆਂ ਗਈਆਂ। ਚੀਮਾ ਨੇ ਦੋਸ਼ ਲਾਇਆ ਕਿ ਇਸ ਘਪਲੇ ਵਿੱਚ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਤੇ ਵਿਧਾਇਕ ਹਰਜੋਤ ਕਮਲ ਸਮੇਤ ਹਾਕਮ ਧਿਰ ਦੇ ਕਈ ਆਗੂ ਸਿੱਧੇ ਤੌਰ 'ਤੇ ਸ਼ਾਮਲ ਹਨ, ਜਿਸ ਦੀ ਹਾਈ ਕੋਰਟ ਦੇ ਮੌਜੂਦਾ ਜੱਜਾਂ ਰਾਹੀਂ ਜਾਂਚ ਹੋਣੀ ਚਾਹੀਦੀ ਹੈ।

# ਜ਼ਮੀਨੀ ਝਗੜਾ ਨਿਬੇੜਨ ਗਈ ਪੁਲਸ ਉੱਤੇ ਫਾਇਰਿੰਗ, ਹੈੱਡ ਕਾਂਸਟੇਬਲ ਦੀ ਮੌਤ




ਮੋਗਾ, 11 ਜੂਨ (ਪੋਸਟ ਬਿਊਰੋ)- ਨੇੜਲੇ ਪਿੰਡ ਖੋਸਾ ਪਾਂਡੋ ਵਿੱਚ ਚਾਚੇ-ਭਤੀਜੇ ਦਾ ਝਗੜਾ ਨਿਬੇੜਨ ਗਈ ਪੁਲਸ ਟੀਮ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ, ਜਿਸ ਵਿੱਚ ਹੈੱਡ ਕਾਂਸਟੇਬਲ ਦੀ ਮੌਤ ਹੋ ਗਈ ਅਤੇ ਸੀ ਆਈ ਏ ਸਟਾਫ ਦੇ ਐੱਸ ਐੱਚ ਓ ਸਮੇਤ ਚਾਰ ਪੁਲਸ ਵਾਲੇ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਲੁਧਿਆਣਾ ਦੇ ਡੀ ਐੱਮ ਸੀ ਹਸਪਾਲ ਵਿੱਚ ਲਿਜਾਇਆ ਗਿਆ ਹੈ ਅਤੇ ਪੁਲਸ ਦੀ ਕ੍ਰਾਸ ਫਾਇਰਿੰਗ ਵਿੱਚ ਦੋਸ਼ੀ ਨੂੰ ਵੀ ਤਿੰਨ-ਚਾਰ ਗੋਲੀਆਂ ਲੱਗੀਆਂ ਹਨ। ਡੀ ਐੱਸ ਪੀ (ਡੀ) ਜਗਜੀਤ ਸਿੰਘ ਨੇ ਦੱਸਿਆ ਕਿ ਪਿੰਡ ਖੋਸਾ ਪਾਡੋ ਵਿੱਚ ਗੁਰਵਿੰਦਰ ਸਿੰਘ ਦਾ ਆਪਣੇ ਚਾਚੇ ਬਲਦੇਵ ਸਿੰਘ ਨਾਲ ਜ਼ਮੀਨੀ ਝਗੜਾ ਚੱਲ ਰਿਹਾ ਸੀ। ਦੋਵਾਂ ਦੇ ਘਰ ਖੇਤਾਂ ਵਿੱਚ ਹੋਣ ਕਾਰਨ ਕੱਲ੍ਹ ਰਾਤ ਗੁਰਵਿੰਦਰ ਸਿੰਘ ਨੇ ਆਪਣੇ ਚਾਚੇ ਦੇ ਤੂੜੀ ਵਾਲੇ ਕਮਰੇ ਨੂੰ ਅੱਗ ਲਾ ਦਿੱਤੀ ਸੀ। ਉਹ ਆਪਣੇ ਚਾਚੇ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਰਿਹਾ ਸੀ। ਇਸ ਮੌਕੇ ਬਲਦੇਵ ਸਿੰਘ ਨੇ ਥਾਣਾ ਸਦਰ ਪੁਲਸ ਨੂੰ ਸੂਚਨਾ ਦੇ ਕੇ ਆਪਣੀ ਜਾਨ ਬਚਾਉਣ ਅਪੀਲ ਕੀਤੀ। ਥਾਣਾ ਸਦਰ ਪੁਲਸ ਦੇ ਸਹਾਇਕ ਥਾਣੇਦਾਰ ਬੂਟਾ ਸਿੰਘ ਇੱਕ ਹੋਰ ਪੁਲਸ ਮਲਾਜ਼ਮ ਨੂੰ ਲੈ ਕੇ ਗੁਰਵਿੰਦਰ ਨੂੰ ਸਮਝਾਉਣ ਪਹੁੰਚੇ। ਉਥੇ ਗੁਰਵਿੰਦਰ ਸਿੰਘ ਨੇ ਦੋਵਾਂ ਨਾਲ ਗਾਲੀ ਗਲੋਚ ਕੀਤੀ ਅਤੇ ਉਨ੍ਹਾਂ ਨੂੰ ਅਸਲਾ ਦਿਖਾਇਆ। ਦੋਵੇਂ ਮੁਲਾਜ਼ਮ ਵਾਪਸ ਥਾਣਾ ਸਦਰ ਚਲੇ ਗਏ। ਇਸ ਪਿੱਛੋਂ ਥਾਣਾ ਸਦਰ ਦੇ ਐਸ ਐਚ ਓ ਕਰਮਜੀਤ ਸਿੰਘ ਗਰੇਵਾਲ ਪੁਲਸ ਪਾਰਟੀ ਸਮੇਤ ਗੁਰਵਿੰਦਰ ਸਿੰਘ ਦੇ ਘਰ ਪਹੁੰਚੇ। ਉਥੇ ਗੁਰਵਿੰਦਰ ਨੇ ਪੁਲਸ ਉੱਤੇ ਗੋਲੀਆਂ ਚਲਾ ਦਿੱਤੀਆਂ। ਇਸ ਦੀ ਸੂਚਨਾ ਐੱਸ ਐੱਚ ਓ ਕਰਮਜੀਤ ਸਿੰਘ ਨੇ ਆਪਣੇ ਉੱਚ ਅਧਿਕਾਰੀਆਂ ਨੂੰ ਦਿੱਤੀ ਤਾਂ ਸੀ ਆਈ ਏ ਸਟਾਫ ਮੋਗਾ ਦੇ ਐੱਸ ਐੱਚ ਓ ਤ੍ਰਿਲੋਚਨ ਸਿੰਘ ਭਾਰੀ ਫੋਰਸ ਸਮੇਤ ਘਟਨਾ ਸਥਾਨ 'ਤੇ ਪਹੁੰਚੇ। ਇਸ ਦੌਰਾਨ ਹੈੱਡ ਕਾਂਸਟੇਬਲ ਜਗਮੋਹਨ ਸਿੰਘ ਗੁਰਵਿੰਦਰ ਦੇ ਘਰ ਦੀ ਛੱਤ 'ਤੇ ਚੜ੍ਹਨ ਦੇ ਬਾਅਦ ਪੌੜੀਆਂ ਤੋਂ ਹੇਠਾਂ ਉਤਰਿਆ ਸੀ ਕਿ ਗੁਰਵਿੰਦਰ ਸਿੰਘ ਨੇ ਗੋਲੀਆਂ ਚਲਾ ਦਿੱਤੀਆਂ। ਹੈੱਡ ਕਾਂਸਟੇਬਲ ਜਗਮੋਹਨ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਦੋਸ਼ੀ ਗੁਰਵਿੰਦਰ ਸਿੰਘ ਵੱਲੋਂ ਕੀਤੀ ਫਾਇਰਿੰਗ ਵਿੱਚ ਸੀ ਆਈ ਏ ਸਟਾਫ ਦੇ ਐੱਸ ਐੱਚ ਓ ਤ੍ਰਿਲੋਚਨ ਸਿੰਘ ਸਮੇਤ ਚਾਰ ਪੁਲਸ ਵਾਲੇ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਉਨ੍ਹਾਂ ਨੂੰ ਲੁਧਿਆਣਾ ਦੇ ਡੀ ਐੱਮ ਸੀ ਹਸਪਤਾਲ ਦਾਖਲ ਕਰਾਇਆ ਗਿਆ। ਥਾਣਾ ਸਦਰ ਦੇ ਐੱਸ ਐੱਚ ਓ ਕਰਮਜੀਤ ਸਿੰਘ ਦੇ ਬਿਆਨਾਂ 'ਤੇ ਦੋਸ਼ੀ ਦੇ ਖਿਲਾਫ ਕਤਲ ਅਤੇ ਆਰਮਜ਼ ਐਕਟ ਦੇ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।



VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।



Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization



BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE



ਅਮਨ ਟਰੈਵਲ
Gaurav Gupta
905.796.3535

ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ



TICO # 50022741
or Visit us at:
218 Kingknoll Dr., Brampton, ON L6Y 4X4



# ਤੇਲ ਦੇ ਖੂਹ ਨੂੰ ਅੱਗ ਦੌਰਾਨ ਕੌਮੀ ਫੁੱਟਬਾਲ ਖਿਡਾਰੀ ਸਮੇਤ ਦੋ ਦੀ ਮੌਤ



ਡਿਬਰੂਗੜ੍ਹ, 11 ਜੂਨ (ਪੋਸਟ ਬਿਊਰੋ)- ਆਸਾਮ ਦੇ ਤਿਨਸੁਕੀਆ ਜ਼ਿਲੇ ਦੇ ਬਾਗਜਨ ਨਾਮਕ ਤੇਲ ਦੇ ਖੂਹ ਵਿੱਚ ਪਰਸੋਂ ਲੱਗੀ ਭਿਆਨਕ ਅੱਗ 'ਚ ਆਇਲ ਇੰਡੀਆ ਲਿਮਟਿਡ ਦੇ ਫਾਇਰ ਬ੍ਰਿਗੇਡ ਦੇ ਦੋ ਮੁਲਾਜ਼ਮਾਂ ਦੀ ਮੌਤ ਹੋ ਗਈ ਹੈ। ਉਨ੍ਹਾਂ ਦੀਆਂ ਲਾਸ਼ਾਂ ਘਟਨਾ ਵਾਲੀ ਥਾਂ ਨੇੜਿਓਂ ਮਿਲੀਆਂ। ਇਹ ਤੇਲ ਦਾ ਖੂਹ ਪਿਛਲੇ 15 ਦਿਨਾਂ ਤੋਂ ਗੈਸ ਉਗਲ ਰਿਹਾ ਹੈ, ਜਿਸ ਨਾਲ ਆਸਪਾਸ ਦੇ ਜੰਗਲ, ਘਰ ਤੇ ਵਾਹਨ ਨੁਕਸਾਨੇ ਗਏ। ਇਸ ਤੋਂ ਗੁੱਸੇ 'ਚ ਆਏ ਲੋਕਾਂ ਨੇ ਓ ਆਈ ਐੱਲ ਮੁਲਾਜ਼ਮਾਂ 'ਤੇ ਹਮਲਾ ਕਰ ਦਿੱਤਾ, ਜਿਸ ਨਾਲ ਇਲਾਕੇ ਵਿੱਚ ਤਣਾਅ ਦਾ ਮਾਹੌਲ ਹੈ।

ਆਇਲ ਇੰਡੀਆ ਦੇ ਬੁਲਾਰੇ ਹਜਾਰਿਕਾ ਨੇ ਦੱਸਿਆ ਕਿ ਖੂਹ 'ਚ ਅੱਗ ਲੱਗਣ ਤੋਂ ਬਾਅਦ ਫਾਇਰ ਬ੍ਰਿਗੇਡ ਦੇ ਦੋ ਮੁਲਾਜ਼ਮ ਦੁਰਲੋਵ ਗੋਗੋਈ ਅਤੇ ਕਿਸ਼ੇਵਰ ਗੋਹੇਨ ਲਾਪਤਾ ਹੋ ਗਏ ਸਨ, ਐੱਨ ਡੀ ਆਰ ਐੱਫ ਦੀ ਟੀਮ ਨੇ ਕੱਲ੍ਹ ਸਵੇਰੇ ਉਨ੍ਹਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਦੋਵੇਂ ਕੰਪਨੀ ਦੇ ਫਾਇਰ ਬ੍ਰਿਗੇਡ ਵਿਭਾਗ ਵਿੱਚ ਅਸਿਸਟੈਂਟ ਆਪਰੇਟਰ ਸਨ। ਗੋਗੋਈ ਮਸ਼ਹੂਰ ਫੁੱਟਬਾਲ ਖਿਡਾਰੀ ਸਨ। ਉਹ ਓ ਆਈ ਐੱਲ ਦੀ ਫੁੱਟਬਾਲ ਟੀਮ ਵਿੱਚ ਗੋਲਕੀਪਰ ਸਨ। ਅੱਗ ਨੂੰ ਕਾਬੂ ਕਰਨ ਦੀ ਕੋਸ਼ਿਸ਼ 'ਚ ਓ ਐੱਨ ਜੀ ਸੀ ਦੇ ਫਾਇਰ ਬ੍ਰਿਗੇਡ ਵਿਭਾਗ ਦਾ ਇੱਕ ਹੋਰ ਮੁਲਾਜ਼ਮ ਮਾਮੂਲੀ ਜ਼ਖਮੀ ਹੋਇਆ ਹੈ। ਇੱਕ ਬਿਆਨ ਮੁਤਾਬਕ ਜਾਨ ਗਵਾਉਣ ਵਾਲੇ ਟਿਕੇਸ਼ਵਰ ਗੋਹੇਨ ਅਤੇ ਦੁਰਲੋਵ ਗੋਗੋਈ ਨੂੰ ਪੈਟਰੋਲੀਅਮ ਮੰਤਰਾਲੇ ਵੱਲੋਂ ਬਹਾਦਰੀ ਐਵਾਰਡ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਦੋਵਾਂ ਦੇ ਪਰਵਾਰਾਂ ਨੂੰ ਉਨ੍ਹਾਂ ਦੇ ਸੇਵਾ ਕਾਲ ਮੁਤਾਬਕ ਕ੍ਰਮਵਾਰ ਇੱਕ ਕਰੋੜ ਅਤੇ 60 ਲੱਖ ਰੁਪਏ ਦਿੱਤੇ ਜਾਣਗੇ। ਅੱਗ ਲੱਗਣ ਕਾਰਨ ਰਹਿਣ ਵਾਲੀ ਜਗ੍ਹਾ ਬਦਲਣ ਲਈ ਮਜਬੂਰ ਹੋਏ ਹਰ ਪਰਵਾਰ ਨੂੰ ਵਿੱਚ ਤੀਹ ਹਜ਼ਾਰ ਰੁਪਏ ਦਿੱਤੇ ਜਾਣਗੇ।

ਸਾਰੇ ਪ੍ਰਭਾਵਤ ਪੱਖਾਂ ਨੂੰ ਢੁੱਕਵੇਂ ਮੁਆਵਜ਼ੇ, ਘਟਨਾ ਦੀ ਮੁਕੰਮਲ ਜਾਂਚ ਤੇ ਇਲਾਕੇ ਦੀ ਜੈਵ ਵਿਭਿੰਨਤਾ ਦੀ ਸੰਭਾਲ ਤੇ ਬਹਾਲੀ ਦੀ ਮੰਗ ਲਈ ਵਾਤਾਵਰਣ ਪ੍ਰੇਮੀ ਤੇ ਉਦਮੀ ਨਿਰਾਂਤਾ ਗੋਹੇਨ ਨੇ ਗੁਹਾਟੀ ਹਾਈ ਕੋਰਟ 'ਚ ਇੱਕ ਜਨਹਿਤ ਪਟੀਸ਼ਨ ਦਾਖਲ ਕੀਤੀ ਹੈ, ਜਿਸ ਦੀ ਸੁਣਵਾਈ ਵੱਲ ਸਭ ਦੀਆਂ ਨਜ਼ਰਾਂ ਹਨ।

# ਪੂਰਬੀ ਲੱਦਾਖ਼ ਮਤਭੇਦ ਬਾਰੇ ਭਾਰਤ-ਚੀਨ ਵਿਚਾਲੇ ਮੇਜਰ ਜਨਰਲ ਪੱਧਰ ਦੀ ਗੱਲਬਾਤ



ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਪੂਰਬੀ ਲੱਦਾਖ਼ ਵਿੱਚ ਪੈਂਗੋਂਗ ਸੋ ਅਤੇ ਹੋਰ ਇਲਾਕਿਆਂ ਬਾਰੇ ਮਤਭੇਦ ਦੇ ਹੱਲ ਲਈ ਕੱਲ੍ਹ ਭਾਰਤ ਅਤੇ ਚੀਨ ਦੀ ਮੇਜਰ ਜਨਰਲ ਪੱਧਰ ਦੀ ਗੱਲਬਾਤ ਹੋਈ ਹੈ।

ਇਸ ਗੱਲਬਾਤ ਬਾਰੇ ਜਾਣਕਾਰੀ ਰੱਖਣ ਵਾਲੇ ਸੂਤਰਾਂ ਨੇ ਦੱਸਿਆ ਕਿ ਕਰੀਬ ਸਾਢੇ ਚਾਰ ਘੰਟੇ ਚੱਲੀ ਬੈਠਕ ਤੋਂ ਬਾਅਦ ਭਾਰਤੀ ਪ੍ਰਤੀਨਿਧੀ ਮੰਡਲ ਨੇ ਮਤਭੇਦ ਵਾਲੇ ਇਲਾਕਿਆਂ 'ਚੋਂ ਚੀਨੀ ਫ਼ੌਜੀ ਵਾਪਸ ਬੁਲਾਉਣ ਅਤੇ ਪਹਿਲਾਂ ਵਾਲੀ ਸਥਿਤੀ ਜਿਉਂ ਦਾ ਤਿਉਂ ਕਾਇਮ ਰੱਖਣ 'ਤੇ ਜ਼ੋਰ ਦਿੱਤਾ। ਪੂਰਬੀ ਲੱਦਾਖ਼ ਸੈਕਟਰ 'ਚ ਚੀਨੀ ਫ਼ੌਜ ਵੱਲੋਂ ਕੀਤੀ ਉਸਾਰੀ ਦੇ ਬਾਰੇ ਹੱਲ ਕੱਢਣ ਲਈ ਭਾਰਤ ਅਤੇ ਚੀਨ ਨੇ ਫ਼ੌਜਾਂ ਵਿਚਾਲੇ ਅਗਲੇ 10 ਦਿਨਾਂ 'ਚ ਕਈ ਪੱਧਰਾਂ 'ਤੇ ਗੱਲਬਾਤ ਕਰਨ ਦਾ ਫ਼ੈਸਲਾ ਵੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੇਜਰ ਜਨਰਲ ਪੱਧਰ ਦੀ ਗੱਲਬਾਤ ਸੁਖਾਵੇਂ ਮਾਹੌਲ 'ਚ ਹੋਈ ਤਾਂ ਕਿ ਦੋਵੇਂ ਪੱਖਾਂ ਵਿਚਾਲੇ ਤਣਾਅ ਨੂੰ ਘਟਾਇਆ ਜਾ ਸਕੇ।

ਵਰਨਣ ਯੋਗ ਹੈ ਕਿ ਕੱਲ੍ਹ ਦੀ ਬੈਠਕ ਤੋਂ ਇੱਕ ਦਿਨ ਪਹਿਲਾਂ ਦੋਵਾਂ ਦੇਸ਼ਾਂ ਨੇ ਗਲਵਾਨ ਘਾਟੀ ਅਤੇ ਹਟਾ ਸਪਰਿੰਗ ਦੇ ਕੁਝ ਇਲਾਕਿਆਂ 'ਚੋਂ ਆਪਣੀਆਂ ਫ਼ੌਜਾਂ ਪਿੱਛੇ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਦੋਵੇਂ ਦੇਸ਼ਾਂ ਦੀਆਂ ਫ਼ੌਜਾਂ ਪੈਂਗੋਂਗ ਸੋ, ਦੌਲਤ ਬੇਗ ਓਲਡੀ ਅਤੇ ਡੇਮਚੋਕ 'ਚ ਹਮਲਾਵਰ ਸਥਿਤੀ ਵਿੱਚ ਅਜੇ ਕਾਇਮ ਹਨ। ਇਸ ਬੈਠਕ ਤੋਂ ਪਹਿਲਾਂ ਬੀਤੀ 6 ਜੂਨ ਨੂੰ ਲੈਫ਼ਟੀਨੈਂਟ ਜਨਰਲ ਹਰਿੰਦਰ ਸਿੰਘ ਤੇ ਚੀਨੀ ਕਮਾਂਡਰ ਮੇਜਰ ਜਨਰਲ ਲਿਊ ਲਿਨ ਦੀ ਅਗਵਾਈ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਵਿਵਾਦ ਖ਼ਤਮ ਕਰਨ ਲਈ ਬੈਠਕ ਹੋਈ ਸੀ। ਚੀਨ ਨੇ ਕੱਲ੍ਹ ਕਿਹਾ ਕਿ ਭਾਰਤੀ ਅਤੇ ਚੀਨੀ ਫ਼ੌਜੀਆਂ ਨੇ 6 ਜੂਨ ਨੂੰ ਦੋਵਾਂ ਦੇਸ਼ਾਂ ਦੇ ਸੀਨੀਅਰ ਫ਼ੌਜੀ ਅਧਿਕਾਰੀਆਂ ਵਿਚਾਲੇ ਹੋਈ ਸੁਖਾਵੀਂ ਸਹਿਮਤੀ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਦਾ ਉਦੇਸ਼ ਸਰਹੱਦਾਂ 'ਤੇ ਸਥਿਤੀ ਸ਼ਾਂਤੀਪੂਰਨ ਕਰਨਾ ਹੈ। ਦੋਵਾਂ ਪੱਖਾਂ ਦੀਆਂ ਫ਼ੌਜਾਂ ਵੱਲੋਂ ਦੁਬਾਰਾ ਆਪਣੀ ਪੁਰਾਣੀ ਸਥਿਤੀ 'ਚ ਜਾਣ ਬਾਰੇ ਪੁੱਛਣ 'ਤੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਹੂਆ ਚੁਨਯਿੰਗ ਨੇ ਬੀਜਿੰਗ 'ਚ ਪੱਤਰਕਾਰਾਂ ਨੂੰ ਕਿਹਾ ਕਿ ਦੋਵੇਂ ਪੱਖ ਸਰਹੱਦਾਂ 'ਤੇ ਸਥਿਤੀ ਆਮ ਵਰਗੀ ਬਣਾਉਣ ਲਈ ਕਦਮ ਚੁੱਕ ਰਹੇ ਹਨ।

ਸੁਪਰੀਮ ਕੋਰਟ ਦਾ ਹੁਕਮ

# ਬੈਂਕਾਂ ਤੇ ਵਿੱਤੀ ਅਦਾਰੇ ਘਰੇਲੂ ਕਰਜ਼ੇ ਦਾ ਬਕਾਇਆ ਜਾਰੀ ਕਰਨ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਫਲੈਟ ਬੁੱਕ ਕਰਵਾ ਕੇ ਆਪਣੇ ਘਰ ਦਾ ਸੁਫਨਾ ਦੇਖ ਰਹੇ ਅਮਰਪਾਲੀ ਦੇ ਹੋਮ ਬਾਇਰਜ਼ ਦੇ ਫਲੈਟਾਂ ਦਾ ਕੰਮ ਪੂਰਾ ਕਰਨ ਲਈ ਸੁਪਰੀਮ ਕੋਰਟ ਨੇ ਕੱਲ੍ਹ ਨਿਰਦੇਸ਼ ਜਾਰੀ ਕੀਤੇ ਹਨ।

ਕੋਰਟ ਨੇ ਬੈਂਕ ਅਤੇ ਵਿੱਤੀ ਅਦਾਰਿਆਂ ਨੂੰ ਹੁਕਮ ਦਿੱਤੇ ਹਨ ਕਿ ਜਿਨ੍ਹਾਂ ਦਾ ਕਰਜ਼ਾ ਮਨਜ਼ੂਰ ਹੋ ਚੁੱਕਾ ਹੈ ਉਨ੍ਹਾਂ ਨੂੰ ਹੋਮ ਬਾਇਰਜ਼ ਦੇ ਹੋਮ ਲੋਨ ਦਾ ਬਕਾਇਆ ਪੈਸਾ ਜਾਰੀ ਕਰਨ। ਕੋਰਟ ਨੇ ਕਿਹਾ ਕਿ ਪੈਸਾ ਜਾਰੀ ਕੀਤਾ ਜਾਵੇ, ਚਾਹੇ ਖਾਤੇ ਐੱਨ ਪੀ ਏ ਕਿਉਂ ਨਾ ਐਲਾਨੇ ਗਏ ਹੋਣ। ਇਸ ਕੇਸ ਦੀਆਂ ਵਿਸ਼ੇਸ਼ ਹਾਲਤਾਂ ਤੇ ਫਲੈਟ ਖਰੀਦਦਾਰਾਂ ਦੀਆਂ ਪ੍ਰੇਸ਼ਾਨੀਆਂ ਨੂੰ ਦੇਖ ਕੇ ਕੋਰਟ ਨੇ ਇਹ ਵੀ ਕਿਹਾ ਕਿ ਆਰ ਬੀ ਆਈ (ਰਿਜ਼ਰਵ ਬੈਂਕ ਆਫ ਇੰਡੀਆ) ਦੇ ਮੌਜੂਦਾ ਮਾਪਦੰਡਾਂ ਤੇ ਮੌਜੂਦਾ ਵਿਆਜ ਦਰਾਂ 'ਤੇ ਖਰੀਦਦਾਰਾਂ ਦੇ ਹੋਮ ਲੋਨ ਦੀ ਰਿਸਟ੍ਰਕਚਰਿੰਗ ਕੀਤੀ ਜਾ ਸਕਦੀ ਹੈ। ਕਰਜ਼ੇ ਦੀਆਂ ਅਗਲੀਆਂ ਕਿਸ਼ਤਾਂ ਆਰ ਬੀ ਆਈ ਵੱਲੋਂ ਤੈਅ ਮੌਜੂਦਾ ਵਿਆਜ ਦਰ 'ਤੇ ਜਾਰੀ ਹੋ ਸਕਦੀਆਂ ਹਨ। ਕਰਜ਼ੇ ਦੀ ਲੰਬੀ ਰਿਸਟ੍ਰਕਚਰਿੰਗ ਕੀਤੀ ਜਾ ਸਕਦੀ ਹੈ ਤੇ ਉਸ ਨੂੰ ਕਿਸ਼ਤਾਂ 'ਚ ਜਾਰੀ ਕੀਤਾ ਜਾ ਸਕਦਾ ਹੈ। ਏਦਾਂ ਹੋਣ ਨਾਲ ਉਸਾਰੀ ਪੂਰੀ ਹੋਵੇਗੀ ਤੇ ਖਰੀਦਦਾਰ ਕਰਜ਼ੇ ਦੀ ਵਾਪਸੀ ਕਰਨ ਦੇ ਸਮਰੱਥ ਹੋਣਗੇ। ਕੋਰਟ ਨੇ ਕਿਹਾ ਕਿ ਫਲੈਟ ਬਾਇਰਜ਼ ਘਰ ਬੁੱਕ ਕਰਵਾਉਣ ਦੇ ਬਾਵਜੂਦ ਅੱਜ ਤੱਕ ਦਾ ਉਸ ਦਾ ਲਾਭ ਨਹੀਂ ਲੈ ਸਕੇ। ਇਸ ਦੇ ਨਾਲ ਹੀ ਕੋਰਟ ਨੇ ਰਿਹਾਇਸ਼ੀ ਪ੍ਰੋਜੈਕਟਾਂ ਲਈ ਅਲਾਟ ਜ਼ਮੀਨ ਦਾ ਪੂਰਾ ਪੈਸਾ ਅਦਾ ਨਾ ਕਰਨ 'ਤੇ ਬਕਾਇਆ ਪੈਸੇ 'ਤੇ ਨੋਇਡਾ ਤੇ ਗ੍ਰੇਟਰ ਨੋਇਡਾ ਅਥਾਰਟੀ ਵੱਲੋਂ ਮੋਟੇ-ਤਾਜ਼ੇ ਜੁਰਮਾਨੇ ਤੇ ਵਧੀਆ ਕੀਮਤਾਂ 'ਤੇ ਵਿਆਜ ਮੰਗਣ ਦੀ ਮੁਸੀਬਤ ਝੱਲ ਰਹੇ ਬਿਲਡਰਾਂ ਨੂੰ ਰਾਹਤ ਦਿੱਤੀ ਹੈ। ਕੋਰਟ ਨੇ ਆਰਥਿਕ ਮੰਦੀ ਦੀ ਸਥਿਤੀ ਅਤੇ ਕੋਰੋਨਾ ਮਹਾਮਾਰੀ ਦੀਆਂ ਮੌਜੂਦਾ ਪ੍ਰੇਸ਼ਾਨੀਆਂ ਨੂੰ ਦੇਖ ਕੇ ਸਾਲਾਂ ਤੋਂ ਲਟਕਦੇ ਪ੍ਰੋਜੈਕਟਾਂ (2005 ਤੋਂ ਲੈ ਕੇ 114 ਪਲਾਟ ਰਿਹਾਇਸ਼ੀ ਪ੍ਰੋਜੈਕਟਾਂ ਲਈ ਅਲਾਟ ਹੋਏ ਜਿਨ੍ਹਾਂ 'ਚ ਜ਼ਿਆਦਾਤਰ ਪ੍ਰੋਜੈਕਟ ਹਾਲੇ ਵੀ ਪੂਰੇ ਨਹੀਂ ਹੋਏ) 'ਤੇ ਵਿਚਾਰ ਕਰਨ ਤੋਂ ਬਾਅਦ ਨੋਇਡਾ ਤੇ ਗ੍ਰੇਟਰ ਨੋਇਡਾ ਅਥਾਰਟੀ ਨੂੰ ਹੁਕਮ ਦਿੱਤਾ ਹੈ ਕਿ ਉਹ ਅੱਠ ਫੀਸਦੀ ਸਾਲਾਨਾ ਦਰ ਨਾਲ ਹੀ ਵਿਆਜ ਵਸੂਲਣਗੇ।

# 55 ਸਾਲਾ ਕਿਸਾਨ ਨੂੰ 'ਫੇਸਬੁੱਕ ਇਸ਼ਕ' ਲੱਖਾਂ ਵਿੱਚ ਪਿਆ

ਹਾਪੁੜ, 11 ਜੂਨ (ਪੋਸਟ ਬਿਊਰੋ)- ਕਈ ਲੋਕ ਇਸ਼ਕ ਚੱਕਰ 'ਚ ਸਭ ਕੁਝ ਗੁਆ ਬੈਠਦੇ ਹਨ ਅਤੇ ਬਾਅਦ 'ਚ ਉਨ੍ਹਾਂ ਦੇ ਹੱਥ ਕੁਝ ਨਹੀਂ ਆਉਂਦਾ। ਜਟਪੁਰਾ ਪਿਲਖੁਆ ਦੇ ਕਿਸਾਨ ਨਾਲ ਵੀ ਅਜਿਹਾ ਹੀ ਹੋਇਆ। ਸ਼ੁਰੂ ਦੀ ਗੱਲਬਾਤ ਛੇਤੀ ਹੀ ਅਸ਼ਲੀਲ ਚੈਟ ਅਤੇ ਵੀਡੀਓ ਤੱਕ ਪਹੁੰਚ ਗਈ। ਫਿਰ ਵੀਡੀਓ ਕਾਲ ਸ਼ੁਰੂ ਹੋਈ ਤੇ ਸਿਰਫ 13 ਦਿਨ ਪਿਆਰ ਦੀਆਂ ਗੱਲਾਂ ਚੱਲੀਆਂ। ਇਸ਼ਕ 'ਚ ਕਿਸਾਨ ਨੇ ਹੋਰ ਕੁਝ ਨਹੀਂ ਸੋਚਿਆ। 30 ਲੱਖ ਰੁਪਏ ਤਿੰਨ ਬੈਂਕ ਖਾਤਿਆਂ 'ਚ ਜਮ੍ਹਾ ਕਰ ਦਿੱਤੇ। ਰੁਪਏ ਮਿਲਦੇ ਸਾਰ ਲੜਕੀ ਫੇਸਬੁਕ ਤੋਂ ਲਾਪਤਾ ਹੋ ਗਈ। ਠੱਗੀ ਤੇ ਇਸ ਕੇਸ 'ਚ ਹਾਪੁੜ ਪੁਲਸ ਸਾਈਬਰ ਸੈੱਲ ਨਾਲ ਮਿਲ ਕੇ ਜਾਂਚ ਕਰ ਰਹੀ ਹੈ। ਮਿਲੀ ਜਾਣਕਾਰੀ ਮੁਤਾਬਕ ਇਸ਼ਕ 'ਚ ਪਿਆ ਕਿਸਾਨ 11 ਦਿਨਾਂ ਤੱਕ ਠੱਗ ਦੇ ਬੈਂਕ ਖਾਤਿਆਂ 'ਚ ਰੁਪਏ ਜਮ੍ਹਾ ਕਰਾਉਂਦਾ ਰਿਹਾ। ਕਦੀ ਇਨਕਮ ਟੈਕਸ ਡਿਪਾਰਟਮੈਂਟ ਦੇ ਨਾਂ ਉੱਤੇ ਅਤੇ ਕਦੀ ਐਕਸਾਈਜ਼ ਡਿਪਾਰਟਮੈਂਟ ਦੇ ਲਈ 15 ਲੱਖ ਰੁਪਏ ਉਸ ਨੇ ਆਪਣੇ ਜਮ੍ਹਾ ਕਰ ਦਿੱਤੇ। ਫਿਰ ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ 15 ਲੱਖ ਰੁਪਏ ਕਰਜਾ ਲਿਆ। 11 ਦਿਨਾਂ 'ਚ ਵਾਰ ਉਸ ਨੇ 30 ਲੱਖ ਠੱਗਾਂ ਦੇ ਖਾਤੇ 'ਚ ਜਮ੍ਹਾ ਕਰਵਾ ਦਿੱਤੇ। ਥਾਣਾ ਮੁਖੀ ਮਹਾਵੀਰ ਸਿੰਘ ਨੇ ਦੱਸਿਆ ਕਿ 24 ਮਈ ਨੂੰ ਉਸ ਦੇ ਫੇਸਬੁਕ ਅਕਾਊਂਟ 'ਤੇ ਇੱਕ ਲੜਕੀ ਦੀ ਫਰੈਂਡ ਰਿਕਵੈਪਟ ਆਈ ਸੀ। ਕਿਸਾਨ ਨੇ 25 ਮਈ ਅਸੈਪਟ ਕੀਤੀ। ਲੜਕੀ ਨੇ ਮੁਹੱਬਤ ਦੇ ਜਲ 'ਚ ਫਸਾ ਕੇ ਕਿਸਾਨ ਨਾਲ 30 ਲੱਖ ਰੁਪਏ ਦੀ ਠੱਗੀ ਕਰ ਲਈ।

# ਗੁਰਦੁਆਰੇ ਦੀ ਪ੍ਰਧਾਨਗੀ ਦੇ ਝਗੜੇ ਵਿੱਚ ਪ੍ਰਧਾਨ ਦੀ ਪੱਗ ਲੱਥੀ

ਜੰਮੂ, 11 ਜੂਨ (ਪੋਸਟ ਬਿਊਰੋ)- ਜੰਮੂ ਸ਼ਹਿਰ ਦੇ ਸਭ ਤੋਂ ਵੱਡੇ ਗੁਰਦੁਆਰੇ ਦੀ ਪ੍ਰਧਾਨਗੀ ਬਾਰੇ ਦੋ ਧੜਿਆਂ ਦੀ ਲੜਾਈ ਵਿੱਚ ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਜਾ ਰਹੇ ਪ੍ਰਧਾਨ ਦੀ ਪੱਗ ਲੱਥ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਕਰੀਬ ਵੀਹ ਦਿਨਾਂ ਤੋਂ ਗੁਰਦੁਆਰਾ ਕਲਗੀਧਰ ਰਿਹਾੜੀ ਦੀ ਪ੍ਰਧਾਨਗੀ ਬਾਰੇ ਇਲਾਕੇ ਦੀਆਂ ਸੰਗਤਾਂ ਤੇ ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤਕਰਾਰ ਚੱਲ ਰਿਹਾ ਸੀ। ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਮਰਜ਼ੀ ਮੁਤਾਬਕ ਗੁਰਦੁਆਰਾ ਕਲਗੀਧਰ ਰਿਹਾੜੀ ਦਾ ਪ੍ਰਧਾਨ ਚਰਨਜੀਤ ਸਿੰਘ ਬੰਟੀ ਨੂੰ ਬਣਾਉਣਾ ਚਾਹੁੰਦੀ ਸੀ। ਇੱਕ ਧੜਾ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਡਾਕਟਰ ਸੁਰਜੀਤ ਸਿੰਘ ਨੂੰ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਬਣਾਉਣਾ ਚਾਹੁੰਦਾ ਸੀ। ਕੱਲ੍ਹ ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਫਤਿਹ ਸਿੰਘ, ਮੈਂਬਰ ਅਵਤਾਰ ਸਿੰਘ ਖਾਲਸਾ, ਮੈਂਬਰ ਜਥੇਦਾਰ ਮਨਮੋਹਨ ਸਿੰਘ, ਚਰਨਜੀਤ ਸਿੰਘ ਬੰਟੀ, ਗੱਜਣ ਸਿੰਘ, ਟਰਾਂਸਪੋਰਟਰ ਗਿਆਨ ਸਿੰਘ ਆਪਣੇ ਸਾਥੀਆਂ ਨਾਲ ਗੁਰਦੁਆਰਾ ਕਲਗੀਧਰ ਰਿਹਾੜੀ ਦੇ ਦਫਤਰ ਪਹੁੰਚੇ ਅਤੇ ਇਨ੍ਹਾਂ ਗੁਰਦੁਆਰਾ ਸਾਹਿਬ ਦੇ ਮੌਜੂਦਾ ਪ੍ਰਧਾਨ ਰਣਜੀਤ ਸਿੰਘ ਦੀ ਗੈਰ ਮੌਜੂਦਗੀ ਵਿੱਚ ਚਰਨਜੀਤ ਸਿੰਘ ਬੰਟੀ ਨੂੰ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਬਣਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਇਲਾਕੇ ਦੇ ਨੌਜਵਾਨਾਂ ਨੂੰ ਇਸ ਦੀ ਜਾਣਕਾਰੀ ਮਿਲੀ ਤਾਂ ਉਹ ਸੰਗਤਾਂ ਦੇ ਨਾਲ-ਨਾਲ ਮੌਜੂਦਾ ਪ੍ਰਧਾਨ ਰਣਜੀਤ ਸਿੰਘ ਨੂੰ ਵੀ ਲੈ ਕੇ ਗੁਰਦੁਆਰਾ ਸਾਹਿਬ ਵਿੱਚ ਚਲੇ ਗਏ। ਗੁਰਦੁਆਰਾ ਸਾਹਿਬ ਵਿੱਚ ਮੌਜੂਦ ਲੋਕਾਂ ਦਾ ਕਹਿਣਾ ਸੀ ਕਿ ਜ਼ੋਰ ਜ਼ਬਰਦਸਤੀ ਨਾਲ ਗੁਰਦੁਆਰਾ ਸਾਹਿਬ ਵਿੱਚ ਕੋਈ ਪ੍ਰਧਾਨ ਸੰਗਤਾਂ ਨੂੰ ਮਨਜ਼ੂਰ ਨਹੀਂ ਹੋਵੇਗਾ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਹਦੂਦ ਅੰਦਰ ਆਪਸੀ ਤਕਰਾਰ ਹੱਥੋਪਾਈ ਤੱਕ ਪਹੁੰਚ ਗਈ ਜਿੱਥੇ ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਥਾਪੇ ਪ੍ਰਧਾਨ ਚਰਨਜੀਤ ਸਿੰਘ ਬੰਟੀ ਦੀ ਪੱਗ ਲੱਥ ਗਈ। ਬਾਅਦ ਵਿੱਚ ਗੁਰਦੁਆਰਾ ਸਾਹਿਬ ਵਿੱਚ ਆਏ ਜ਼ਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਾਪਸ ਪਰਤ ਗਏ।

# ਪ੍ਰਵਾਸੀ ਮਜ਼ਦੂਰਾਂ ਨੂੰ 15 ਦਿਨਾਂ 'ਚ ਘਰ ਭੇਜੋ: ਸੁਪਰੀਮ ਕੋਰਟ

ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਪ੍ਰਵਾਸੀ ਮਜ਼ਦੂਰਾਂ ਦੇ ਮਾਮਲੇ 'ਚ ਕੱਲ੍ਹ ਅਹਿਮ ਫ਼ੈਸਲਾ ਦੇਂਦਿਆਂ ਕਿਹਾ ਹੈ ਕਿ ਜੋ ਪ੍ਰਵਾਸੀ ਮਜ਼ਦੂਰ ਵਾਪਸ ਆਪਣੇ ਘਰ ਜਾਣਾ ਚਾਹੁੰਦੇ ਹਨ, ਉਨ੍ਹਾਂ ਦੀ ਰਜਿਸਟ੍ਰੇਸ਼ਨ ਕੀਤੀ ਜਾਵੇ ਅਤੇ 15 ਦਿਨਾਂ ਦੇ ਅੰਦਰ ਉਨ੍ਹਾਂ ਨੂੰ ਘਰ ਵਾਪਸ ਭੇਜਿਆ ਜਾਵੇ।

ਜਸਟਿਸ ਅਸ਼ੋਕ ਭੂਸ਼ਨ, ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਕੇਂਦਰ ਸਰਕਾਰ ਨੂੰ ਹੋਰ ਰੇਲ ਗੱਡੀਆਂ ਚਲਾਉਣ ਦੇ ਨਿਰਦੇਸ਼ ਦਿੱਤੇ, ਤਾਂ ਜੋ ਰਾਜਾਂ ਵੱਲੋਂ ਮੰਗਣ 'ਤੇ ਪ੍ਰਵਾਸੀ ਮਜ਼ਦੂਰਾਂ ਨੂੰ 24 ਘੰਟਿਆਂ ਦੇ ਅੰਦਰ ਉਨ੍ਹਾਂ ਦੇ ਘਰ ਭੇਜਿਆ ਜਾ ਸਕੇ। ਅਦਾਲਤ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ ਜੁਲਾਈ 'ਚ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ ਸੂਬਾ ਸਰਕਾਰਾਂ ਨੂੰ ਕਿਹਾ ਹੈ ਕਿ ਪ੍ਰਵਾਸੀ ਮਜ਼ਦੂਰਾਂ ਲਈ ਕੌਂਸਲਿੰਗ ਸੈਂਟਰ ਬਣਾਏ ਜਾਣ ਤੇ ਉਨ੍ਹਾਂ ਦਾ ਡਾਟਾ ਇਕੱਠਾ ਕੀਤਾ ਜਾਵੇ, ਜੋ ਪਿੰਡ ਜਾਂ ਜ਼ਿਲ੍ਹਾ ਪੱਧਰ 'ਤੇ ਹੋਵੇ। ਅਦਾਲਤ ਨੇ ਕਿਹਾ ਕਿ



ਮਜ਼ਦੂਰਾਂ ਦੇ ਹੁਨਰ-ਕੌਸ਼ਲ ਦੀ ਜਾਂਚ ਵੀ ਕੀਤੀ ਜਾਵੇ, ਜਿਸ ਨਾਲ ਉਨ੍ਹਾਂ ਨੂੰ ਰੁਜ਼ਗਾਰ ਦੇਣ ਵਿੱਚ ਮਦਦ ਮਿਲ ਸਕੇ। ਇਸ ਤੋਂ ਬਿਨਾਂ ਜੇ ਮਜ਼ਦੂਰ ਵਾਪਸ ਕੰਮ 'ਤੇ ਜਾਣਾ ਚਾਹੁੰਦੇ ਹਨ ਤਾਂ ਸੂਬਾ ਸਰਕਾਰਾਂ ਉਨ੍ਹਾਂ ਦੀ ਮਦਦ ਕਰਨ। ਅਦਾਲਤ ਨੇ ਆਪਣੇ ਆਦੇਸ਼ 'ਚ ਇਹ ਵੀ ਕਿਹਾ ਹੈ ਕਿ ਤਾਲਾਬੰਦੀ ਦੌਰਾਨ ਚਲੇ ਗਏ ਪ੍ਰਵਾਸੀ ਮਜ਼ਦੂਰਾਂ 'ਤੇ ਤਾਲਾਬੰਦੀ ਦੀ ਉਲੰਘਣਾ ਦੇ ਦਰਜ ਕੀਤੇ ਕੇਸ ਵਾਪਸ ਲਏ ਜਾਣ। ਇਸ ਤੋਂ ਇਲਾਵਾ ਲੇਬਰ ਟ੍ਰੇਨਾਂ ਵਧੇਰੇ ਚਲਾਉਣ ਦੇ ਨਿਰਦੇਸ਼ ਵੀ ਦਿੱਤੇ ਹਨ, ਤਾਂ ਜੋ ਯਾਤਰਾ ਲਈ ਅਰਜ਼ੀ ਦੇਣ ਵਾਲਿਆਂ ਨੂੰ 24 ਘੰਟਿਆਂ ਦੇ ਅੰਦਰ ਗੱਡੀ ਮਿਲ ਸਕੇ। ਅਦਾਲਤ ਨੇ ਰਾਜਾਂ ਅਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਨੂੰ ਮਜ਼ਦੂਰਾਂ ਨੂੰ ਰੁਜ਼ਗਾਰ ਦੇਣ ਦੇ ਲਈ ਯੋਜਨਾ ਬਣਾਉਣ ਦਾ ਹੁਕਮ ਵੀ ਸੁਣਾਇਆ ਹੈ ਅਤੇ ਇਸ ਬਾਰੇ ਪ੍ਰਦੇਸ਼ਾਂ ਨੂੰ ਸੁਪਰੀਮ ਕੋਰਟ ਨੂੰ ਜਾਣਕਾਰੀ ਦੇਣੀ ਪਵੇਗੀ। ਅਦਾਲਤ ਨੇ ਕਿਹਾ ਕਿ ਮਜ਼ਦੂਰਾਂ ਨੂੰ ਸਾਰੀਆਂ ਯੋਜਨਾਵਾਂ ਦਾ ਲਾਭ ਦਿੱਤਾ ਜਾਵੇ ਅਤੇ ਯੋਜਨਾਵਾਂ ਬਾਰੇ ਮਜ਼ਦੂਰਾਂ ਨੂੰ ਵੀ ਜਾਣਕਾਰੀ ਦਿੱਤੀ ਜਾਵੇ।

ਪ੍ਰਵਾਸੀ ਮਜ਼ਦੂਰਾਂ ਨੂੰ 15 ਦਿਨਾਂ ਦੇ ਅੰਦਰ ਉਨ੍ਹਾਂ ਦੇ ਘਰ ਪਹੁੰਚਾਉਣ ਸਬੰਧੀ ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਨਿਰਦੇਸ਼ ਦਿੱਤੇ ਜਾਣ ਦੇ ਕੁਝ ਘੰਟਿਆਂ ਬਾਅਦ ਰੇਲਵੇ ਨੇ ਸਾਰੇ ਰਾਜਾਂ ਨੂੰ ਪੱਤਰ ਲਿਖਿਆ ਹੈ ਕਿ ਹੋਰ ਵਿਸ਼ੇਸ਼ ਲੇਬਰ ਰੇਲ ਗੱਡੀਆਂ ਦੀ ਲੋੜ ਬਾਰੇ 10 ਜੂਨ ਤੱਕ ਜਾਣਕਾਰੀ ਦੇਣ, ਤਾਂ ਜੋ ਬਾਕੀ ਰਹਿੰਦੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰ ਪਹੁੰਚਾਇਆ ਜਾ ਸਕੇ। ਵਰਨਣ ਯੋਗ ਹੈ ਕਿ ਰੇਲਵੇ ਵੱਲੋਂ 60 ਲੱਖ ਤੋਂ ਵੱਧ ਪ੍ਰਵਾਸੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣ ਲਈ ਪਹਿਲੀ ਮਈ ਤੋਂ 4347 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ ਹਨ।

# ਚੀਨੀ ਫੌਜ ਅਸਲ ਕੰਟਰੋਲ ਰੇਖਾ ਤੋਂ ਪਿੱਛੇ ਹਟੀ



ਨਵੀਂ ਦਿੱਲੀ, 11 ਜੂਨ (ਪੋਸਟ ਬਿਊਰੋ)- ਪੂਰਬੀ ਲੱਦਾਖ ਦੀ ਗਲਵਾਂ ਘਾਟੀ ਵਿੱਚ ਭਾਰਤ ਅਤੇ ਚੀਨ ਵਿਚਾਲੇ ਪੈਦਾ ਹੋਏ ਤਣਾਅ ਵਿੱਚ ਕਮੀ ਦੇ ਸੰਕੇਤ ਮਿਲਣ ਲੱਗੇ ਹਨ। ਗਲਵਾਂ ਘਾਟੀ ਵਿੱਚ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਨਾਲ ਜੁੜੀਆਂ ਘੱਟ ਤੋਂ ਘੱਟ ਤਿੰਨ ਥਾਵਾਂ ਤੋਂ ਚੀਨ ਆਪਣੀ ਫੌਜ ਨੂੰ ਪਿੱਛੇ ਕਰਨ ਨੂੰ ਤਿਆਰ ਹੋ ਗਿਆ ਹੈ। ਕੁਝ ਥਾਵਾਂ ਤੋਂ ਫੌਜੀ ਪਿੱਛੇ ਕਰ ਲਏ ਗਏ ਹਨ। ਭਾਰਤ ਨੇ ਵੀ ਫੌਜ ਨੂੰ ਪਿੱਛੇ ਕਰਨ ਦਾ ਸੰਕੇਤ ਦਿੱਤਾ ਹੈ।

ਇਹ ਸਹਿਮਤੀ ਪਿਛਲੇ ਸ਼ੁੱਕਰਵਾਰ ਨੂੰ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰਾਲੇ ਦੇ ਅਧਿਕਾਰੀਆਂ ਅਤੇ ਸ਼ਨੀਵਾਰ ਨੂੰ ਫੌਜ ਦੇ ਉੱਚ ਪੱਧਰੀ ਅਧਿਕਾਰੀਆਂ ਦੀ ਗੱਲਬਾਤ ਦੀ ਵਜ੍ਹਾ ਨਾਲ ਬਣੀ ਹੈ। ਅਗਲੇ ਦੌਰ ਦੀ ਗੱਲਬਾਤ ਮੇਜਰ ਜਨਰਲ ਪੱਧਰ 'ਤੇ ਕੱਲ੍ਹ ਹੋਵੇਗੀ। ਦੋਵਾਂ ਦੇਸ਼ਾਂ ਦੇ ਸਥਾਨਕ ਫੌਜੀ ਕਮਾਂਡਰਾਂ ਨੂੰ ਉਪਰ ਤੋਂ ਹਾਲਾਤ ਆਮ ਕਰਨ ਅਤੇ ਤਣਾਅ ਨੂੰ ਦੂਰ ਕਰਨ ਦਾ ਨਿਰਦੇਸ਼ ਮਿਲਿਆ ਹੈ। ਹਾਲੇ ਜੋ ਕਦਮ ਚੁੱਕੇ ਗਏ ਹਨ ਉਨ੍ਹਾਂ ਨੂੰ ਅਗਲੀ ਫੌਜੀ ਵਾਰਤਾ ਲਈ ਵਿਸ਼ਵਾਸ ਬਹਾਲੀ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਅਗਲੇ ਕੁਝ ਦਿਨਾਂ ਵਿੱਚ ਸਥਾਨਕ ਕੋਰ ਕਮਾਂਡਰਾਂ ਵਿਚਾਲੇ ਗੱਲਬਾਤ ਹੋਵੇਗੀ।

ਸੂਤਰਾਂ ਨੇ ਦੱਸਿਆ ਕਿ ਗਲਵਾਂ ਅਤੇ ਹਾਟਸਪ੍ਰਿੰਗ ਏਰੀਆ ਵਿੱਚ ਤਿੰਨ ਤੋਂ ਪੰਜ ਅਜਿਹੀਆਂ ਥਾਵਾਂ ਦੀ ਚੋਣ ਕੀਤੀ ਗਈ ਹੈ, ਜਿੱਥੋਂ ਫੌਜੀਆਂ ਨੂੰ ਪਿੱਛੇ ਹਟਾ ਕੇ ਤਣਾਅ ਘੱਟ ਕਰਨ ਦੀ ਸ਼ੁਰੂਆਤ ਹੋ ਸਕਦੀ ਹੈ। ਪਿਛਲੇ ਦੋ ਦਿਨਾਂ ਵਿੱਚ ਚੀਨ ਨੇ ਇਨ੍ਹਾਂ ਇਲਾਕਿਆਂ ਵਿੱਚ ਲਾਏ ਆਪਣੇ ਟੈਂਟ ਅਤੇ ਭਾਰੀ ਵਾਹਨਾਂ ਨੂੰ ਪਿੱਛੇ ਕਰ ਲਿਆ ਹੈ। ਹਾਲੇ ਪੈਟਰੋਲਿੰਗ ਪੁਆਇੰਟ 14, 15, 17 ਅਤੇ ਪੈਂਗੋਂਗ ਝੀਲ ਦੇ ਕੁਝ ਹਿੱਸਿਆਂ ਅਤੇ ਚੁਸ਼ੂਲ ਤੋਂ ਫੌਜੀਆਂ ਦੀ ਵਾਪਸੀ ਦੀ ਸਹਿਮਤੀ ਬਣੀ ਹੈ। ਉਥੋਂ ਚੀਨ ਵੀ ਆਪਣੇ ਫੌਜੀਆਂ ਨੂੰ ਪਿੱਛੇ ਹਟਾਏਗਾ ਅਤੇ ਭਾਰਤ ਵੀ। ਇਸ ਦੇ ਬਾਵਜੂਦ ਸੂਚਨਾ ਹੈ ਕਿ ਪੈਂਗੋਂਗ ਦੇ ਫਿੰਗਰ ਚਾਰ ਨਾਂਅ ਨਾਲ ਚਿੰਨ੍ਹਿਤ ਇਲਾਕੇ 'ਤੇ ਹਾਲੇ ਚੀਨੀ ਫੌਜੀਆਂ ਦੀ ਤੈਨਾਤੀ ਬਣੀ ਹੋਈ ਹੈ, ਜਿਸ 'ਤੇ ਆਉਣ ਵਾਲੇ ਦਿਨਾਂ ਵਿੱਚ ਗੱਲਬਾਤ ਹੋਵੇਗੀ। ਇਸ ਇਲਾਕੇ ਤੋਂ ਚੀਨੀ ਫੌਜੀਆਂ ਦੀ ਵਾਪਸੀ ਭਾਰਤ ਦੀ ਪ੍ਰਮੁੱਖ ਮੰਗ ਹੈ।

# ਤਾਲਾਬੰਦੀ ਦੌਰਾਨ ਮਜ਼ਦੂਰ ਦੇ ਬੇਟੇ ਨੇ ਕਰੋੜ ਰੁਪਿਆ ਕਮਾਇਆ



ਜੋਧਪੁਰ, 11 ਜੂਨ (ਪੋਸਟ ਬਿਊਰੋ)- ਜੋਧਪੁਰ ਦਾ ਯੁਵਰਾਜ ਸਿੰਘ, ਜੋ ਬਾਬਾ ਜੈਕਸਨ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਨੇ ਤਾਲਾਬੰਦੀ ਦੌਰਾਨ ਇੱਕ ਕਰੋੜ ਰੁਪਏ ਦਾ ਇਨਾਮ ਜਿੱਤਿਆ ਹੈ। ਬਾਬਾ ਜੈਕਸਨ ਨੇ ਇਹ ਕਾਰਨਾਮਾ ਈ-ਕਾਮਰਸ ਕੰਪਨੀ ਵੱਲੋਂ ਆਯੋਜਤ ਯੂਨੀਕਸ ਸਟੇਅ ਐੱਟ ਹੋਮ ਮੁਕਾਬਲੇ ਵਿੱਚ ਕੀਤਾ ਹੈ।

ਇਸ ਮੁਕਾਬਲੇ ਵਿੱਚ ਹਰ ਹਫਤੇ 10 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ ਸੀ ਤੇ ਮੈਗਾ ਜੇਤੂ ਨੂੰ ਇੱਕ ਕਰੋੜ ਰੁਪਏ ਦਾ ਇਨਾਮ ਸੀ। ਬਾਬਾ ਜੈਕਸਨ ਨੇ ਮੈਗਾ ਵਿਨਰ ਦਾ ਖਿਤਾਬ ਜਿੱਤ ਕੇ ਇੱਕ ਕਰੋੜ ਰੁਪਏ ਇਨਾਮ ਜਿੱਤਿਆ ਹੈ। ਲੋਕਾਂ ਦੇ ਘਰਾਂ ਵਿੱਚ ਟਾਈਲਜ਼ ਫਿਟਿੰਗ ਦਾ ਕੰਮ ਕਰਨ ਵਾਲੇ ਮਜ਼ਦੂਰ ਨੇ ਜਦੋਂ ਬੇਟੇ ਦੇ ਇਨਾਮ ਜਿੱਤਣ ਦੀ ਖਬਰ ਸੁਣੀ ਤਾਂ ਪਰਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਵਰਨਣ ਯੋਗ ਹੈ ਕਿ ਬਾਬਾ ਜੈਕਸਨ ਉਰਫ ਯੁਵਰਾਜ ਦੇ ਪਿਤਾ ਮਜ਼ਦੂਰ ਹਨ ਤੇ ਘਰਾਂ ਵਿੱਚ ਟਾਈਲਾਂ ਫਿੱਟ ਕਰਨ ਦਾ ਕੰਮ ਕਰਦੇ ਹਨ। ਇਸੇ ਲਈ ਯੁਵਰਾਜ ਦਾ ਬਚਪਨ ਗਰੀਬੀ ਵਿੱਚ ਬੀਤਿਆ ਸੀ। ਬਾਬਾ ਜੈਕਸਨ ਦੀ ਭੈਣ ਨੇ ਦੱਸਿਆ ਕਿ ਪਹਿਲਾਂ ਉਸ ਦੇ ਘਰ ਕੋਈ ਮੋਬਾਈਲ ਨਹੀਂ ਸੀ। ਕੁਝ ਸਮਾਂ ਪਹਿਲਾਂ ਮੋਬਾਈਲ ਖਰੀਦਿਆ ਸੀ, ਇਸ ਲਈ ਬਾਬੇ ਨੇ ਇਸ 'ਤੇ ਟਿਕਟਾਕ ਖਾਤਾ ਬਣਾਇਆ ਤੇ ਇਸ 'ਤੇ ਦੋਵੇਂ ਭੈਣ-ਭਰਾ ਕਾਮੇਡੀ ਵੀਡੀਓ ਵੇਖਦੇ ਸਨ ਅਤੇ ਇਸ ਤੋਂ ਸਿੱਖਣ ਪਿੱਛੋਂ ਵੀਡੀਓ ਅਪਲੋਡ ਕਰਦੇ ਸਨ। ਵੀਡੀਓ ਵਿੱਚ ਜਦੋਂ ਬਾਬਾ ਜੈਕਸਨ ਦੇ ਡਾਂਸ ਸਟੈਪਾਂ ਨੂੰ ਪਸੰਦ ਕੀਤਾ ਗਿਆ ਤਾਂ ਬਹੁਤ ਸਾਰੀਆਂ ਲਾਈਕਾਂ ਵੀ ਆਉਣੀਆਂ ਸ਼ੁਰੂ ਹੋ ਗਈਆਂ।

## ਜਾਨ ਬਚਾਉਣ ਬਦਲੇ ਪੰਜ ਕਰੋੜ ਦੀ ਜ਼ਮੀਨ ਦੋਂਹ ਹਾਥੀਆਂ ਦੇ ਨਾਂ ਕੀਤੀ

ਪਟਨਾ, 11 (ਪੋਸਟ ਬਿਊਰੋ)- ਕੇਰਲ ਵਿੱਚ ਅਨਾਨਾਸ ਵਿੱਚ ਪਟਾਖੇ ਖੁਆ ਕੇ ਮਾਰ ਦਿੱਤੀ ਗਈ ਗਰਭਵਤੀ ਹਥਣੀ ਲਈ ਪੂਰਾ ਦੇਸ਼ ਗੁੱਸੇ ਨਾਲ ਭਰ ਗਿਆ ਸੀ, ਪਰ ਹਾਥੀ ਨਾਲ ਜੁੜੀ ਇੱਕ ਅਜਿਹੀ ਖ਼ਬਰ ਆਈ ਹੈ ਜਿਸ ਨੂੰ ਜਾਣ ਕੇ ਲੋਕਾਂ ਦਾ ਦਿਲ ਖੁਸ਼ੀ ਵਿੱਚ ਭਰ ਜਾਵੇਗਾ। ਬਿਹਾਰ ਵਿੱਚ ਇੱਕ ਹਾਥੀ ਪ੍ਰੇਮੀ ਨੇ ਆਪਣੀ ਅੱਧੀ ਜਾਇਦਾਦ ਦੋ ਹਾਥੀਆਂ ਦੇ ਨਾਮ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਵਿੱਚੋਂ ਇੱਕ ਹਾਥੀ ਨੇ ਉਸਦੀ ਜਾਨ ਬਚਾਈ ਸੀ।

ਫੁਲਵਾਰੀ ਸ਼ਰੀਫ ਦੇ ਜਾਨੀਪੁਰ ਦੇ ਵਸਨੀਕ 50 ਸਾਲ ਇਮਾਮ ਮੁਹੰਮਦ ਅਖ਼ਤਰ ਨੇ ਮੋਤੀ ਤੇ ਰਾਣੀ ਨਾਮ ਦੇ ਦੋ ਹਾਥੀਆਂ ਦੇ ਨਾਮ ਆਪਣੀ 6.25 ਏਕੜ ਜ਼ਮੀਨ ਕਰ ਦਿੱਤੀ ਹੈ। ਇਸ ਦੀ ਕੀਮਤ ਲਗੱਭਗ ਪੰਜ ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਨੇ ਦੱਸਿਆ ਕਿ ਕੇਰਲ ਵਿੱਚ ਹਥਣੀ ਦੀ ਮੌਤ 'ਤੇ ਉਹ ਬਹੁਤ ਜ਼ਿਆਦਾ ਦੁਖੀ ਹੋਇਆ ਸੀ। ਏਸ਼ੀਅਨ ਐਲੀਫੈਂਟ ਰੀਹੈਬਿਲੀਟੇਸ਼ਨ ਐਂਡ ਵਾਈਲਡ ਲਾਈਫ ਐਨੀਮਲ ਟਰੱਸਟ (ਏਰਾਵਤ) ਦੇ ਮੁੱਖ ਪ੍ਰਬੰਧਕ ਇਮਾਮ ਅਖ਼ਤਰ ਦੱਸਦੇ ਹਨ ਕਿ ਉਨ੍ਹਾਂ ਕੋਲ ਪਰਵਾਰਕ ਵਿਰਾਸਤ ਵਿੱਚ ਹਾਥੀ ਆਏ ਸਨ।

# ਹਵਾਈ ਟਰਾਂਸਪੋਰਟ ਖੇਤਰ ਨੂੰ 84 ਅਰਬ ਡਾਲਰ ਨੁਕਸਾਨ ਹੋਵੇਗਾ: ਆਇਟਾ




ਜਿਨੇਵਾ, 11 ਜੂਨ (ਪੋਸਟ ਬਿਊਰੋ)- 'ਕੋਵਿਡ-19' ਦੇ ਕਾਰਨ ਵੱਖ-ਵੱਖ ਦੇਸ਼ਾਂ ਵੱਲੋਂ ਹਵਾਬਾਜ਼ੀ ਉਡਾਣਾਂ ਉੱਤੇ ਜਾਰੀ ਪਾਬੰਦੀਆਂ ਕਾਰਨ ਹਵਾਈ ਟਰਾਂਸਪੋਰਟ ਖੇਤਰ ਨੂੰ ਇਸ ਸਾਲ 84 ਅਰਬ ਡਾਲਰ ਤੋਂ ਵੱਧ ਨੁਕਸਾਨ ਅਤੇ ਮਾਲੀਆ 'ਚ 419 ਅਰਬ ਡਾਲਰ ਦੀ ਗਿਰਾਵਟ ਦਾ ਡਰ ਹੈ।

ਕੌਮਾਂਤਰੀ ਹਵਾਈ ਟਰਾਂਸਪੋਰਟ ਐਸੋਸੀਏਸ਼ਨ (ਆਇਟਾ) ਦੀ ਕੱਲ੍ਹ ਜਾਰੀ ਰਿਪੋਰਟ 'ਚ ਇਹ ਗੱਲ ਕਹੀ ਗਈ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਹਵਾਈ ਟਰਾਂਸਪੋਰਟ ਖੇਤਰ ਦੀ ਆਮਦਨ ਇਸ ਸਾਲ ਘੱਟ ਕੇ ਅੱਧਾ ਰਹਿ ਜਾਵੇਗੀ। ਪਿਛਲੇ ਸਾਲ ਇਹ 838 ਅਰਬ ਡਾਲਰ ਸੀ। ਸਾਲ 2020 'ਚ ਇਸ ਦੇ 419 ਅਰਬ ਡਾਲਰ ਰਹਿਣ ਦਾ ਅਨੁਮਾਨ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਮਾਲੀਆ 'ਚ ਵੱਡੀ ਗਿਰਾਵਟ ਕਾਰਨ ਹਰ ਰੋਜ਼ ਹਵਾਬਾਜ਼ੀ ਉਦਯੋਗ ਨੂੰ ਔਸਤਨ 23 ਕਰੋੜ ਡਾਲਰ ਨੁਕਸਾਨ ਹੋਵੇਗਾ। ਪੂਰੇ ਸਾਲ ਦੌਰਾਨ 84.3 ਅਰਬ ਡਾਲਰ ਦੇ ਨੁਕਸਾਨ ਦਾ ਡਰ ਹੈ, ਜੋ 20.1 ਫੀਸਦੀ ਦੇ ਬਰਾਬਰ ਹੋਵੇਗਾ। ਆਇਟਾ ਨੇ ਸਾਲ 2021 'ਚ ਮਾਲੀਆ 598 ਅਰਬ ਡਾਲਰ ਅਤੇ ਨੁਕਸਾਨ 15.8 ਅਰਬ ਡਾਲਰ ਰਹਿਣ ਦਾ ਅਨੁਮਾਨ ਸਾਫ ਕੀਤਾ ਹੈ।

ਇਸ ਰਿਪੋਰਟ ਮੁਤਾਬਕ ਇਸ ਸਾਲ ਅਪ੍ਰੈਲ 'ਚ ਇੱਕ ਸਾਲ ਪਹਿਲਾਂ ਦੇ ਮੁਕਾਬਲੇ ਹਵਾਈ ਯਾਤਰੀ ਆਵਾਜਾਈ 95 ਫੀਸਦੀ ਘੱਟ ਗਈ ਸੀ, ਪਰ ਇਸ ਵੇਲੇ ਹੌਲੀ-ਹੌਲੀ ਇਸ 'ਚ ਸੁਧਾਰ ਹੋ ਰਿਹਾ ਹੈ। ਇਸ ਦੇ ਬਾਵਜੂਦ ਪੂਰੇ ਸਾਲ 'ਚ ਮਾਲੀਆ ਯਾਤਰੀ ਕਿਲੋਮੀਟਰ ਦੀ ਇਕਾਈ 'ਚ ਆਵਾਜਾਈ 2019 ਦੀ ਤੁਲਨਾ 'ਚ 54.7 ਫੀਸਦੀ ਘੱਟ ਰਹਿਣ ਦਾ ਡਰ ਹੈ। ਮੁਸਾਫਰਾਂ ਦੀ ਸ਼ੁੱਧ ਗਿਣਤੀ ਘੱਟ ਕੇ 2.25 ਅਰਬ 'ਤੇ ਲੱਗਭਗ ਅੱਧੀ ਰਹਿ ਜਾਵੇਗੀ। ਇਹ 2006 ਦੇ ਪੱਧਰ ਦੇ ਬਰਾਬਰ ਹੋਵੇਗਾ। ਮੁਸਾਫਰਾਂ ਦੀ ਗਿਣਤੀ 'ਚ ਗਿਰਾਵਟ ਕਾਰਣ ਜਹਾਜ਼ ਸੇਵਾ ਕੰਪਨੀਆਂ ਨੂੰ ਯਾਤਰੀ ਕਿਰਾਏ ਦੇ ਰੂਪ 'ਚ ਪ੍ਰਾਪਤ ਹੋਣ ਵਾਲੇ ਮਾਲੀਆ 'ਚ 60 ਫੀਸਦੀ ਕਮੀ ਦਾ ਖਦਸ਼ਾ ਹੈ।

# ਦੁਨੀਆ ਦਾ ਪਹਿਲਾ ਸ਼ਹਿਰ ਜਿਥੇ ਲੋਕਾਂ 'ਚ ਐਂਟੀਬਾਡੀ ਡਿਵੈਲਪ ਹੋਈ



ਬਰਗਾਮੋ, 11 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਸ਼ੁਰੂਆਤ 'ਚ ਸਭ ਤੋਂ ਵੱਧ ਕਹਿਰ ਇਟਲੀ 'ਚ ਦੇਖਣ ਨੂੰ ਮਿਲਿਆ ਸੀ। ਮਹਾਮਾਰੀ ਨੇ ਸਭ ਤੋ ਪਹਿਲਾਂ ਅਤੇ ਸਭ ਤੋਂ ਵੱਧ ਤਬਾਹੀ ਇਥੇ ਮਚਾਈ ਸੀ, ਪਰ ਇਟਲੀ ਤੋਂ ਰਾਹਤ ਦੀ ਖ਼ਬਰ ਆ ਰਹੀ ਹੈ। ਇਸ ਦਾ ਬਰਗਾਮੋ ਸ਼ਹਿਰ ਹਰਡਸ ਇਮਿਊਨਿਟੀ ਦੇ ਕਰੀਬ ਪਹੁੰਚਦਾ ਦਿੱਸਦਾ ਹੈ।

ਮਿਲੀ ਜਾਣਕਾਰੀ ਮੁਤਾਬਕ ਬਰਗਾਮੋ 'ਚ 23 ਅਪ੍ਰੈਲ ਅਤੇ 3 ਜੂਨ ਵਿਚਾਲੇ 9965 ਲੋਕਾਂ ਦੇ ਬਲੱਡ ਟੈਸਟ ਕੀਤੇ ਗਏ ਸਨ ਜਿਸ ਦੇ ਨਤੀਜੇ ਹੈਰਾਨ ਕਰਨ ਵਾਲੇ ਹਨ। ਰਿਜ਼ਲਟ 'ਚ ਦੇਖਿਆ ਗਿਆ ਕਿ 57 ਫੀਸਦੀ ਲੋਕਾਂ 'ਚ ਕੋਰੋਨਾ ਨਾਲ ਜੁੜਿਆ ਐਂਟੀਬਾਡੀ ਡਿਵੈਂਲਪ ਹੋ ਚੁੱਕਾ ਹੈ। ਦੁਨੀਆ ਦੇ ਕਈ ਮਾਹਰਾਂ ਦਾ ਮੰਨਣਾ ਹੈ ਕਿ ਲੱਗਭਗ 60 ਫੀਸਦੀ ਆਬਾਦੀ ਦੇ ਕੋਰੋਨਾ ਇਨਫੈਕਟਡ ਹੋਣ 'ਤੇ ਹਰਡ ਇਮਿਊਨਿਟੀ ਦੀ ਸਥਿਤੀ ਬਣ ਸਕਦੀ ਹੈ। ਇਸ ਕਾਰਨ ਕੋਰੋਨਾ ਵਾਇਰਸ ਦੀ ਚੇਨ ਟੁੱਟ ਜਾਵੇਗੀ ਅਤੇ ਨਵੇਂ ਲੋਕ ਨਾ ਦੇ ਬਰਾਬਰ ਇਨਫੈਕਟਡ ਹੋਣਗੇ। ਬਰਗਾਮੋ ਦੇ ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਐਂਟੀਬਾਡੀ ਜਾਂਚ ਲਈ ਰੈਂਡਮ ਸੈਂਪਲ ਲਏ ਗਏ ਸਨ। ਅਧਿਕਾਰੀਆਂ ਨੇ ਸੈਂਪਲ ਨੂੰ ਕਾਫੀ ਵਿਆਪਕ ਦੱਸਿਆ ਅਤੇ ਰਿਜ਼ਲਟ ਨੂੰ ਭਰੋਸੇ ਵਾਲਾ ਕਿਹਾ। ਅਧਿਕਾਰਕ ਤੌਰ 'ਤੇ ਇਹ ਸਪੱਸ਼ਟ ਨਹੀਂ ਕਿ ਕੋਰੋਨਾ ਦੀ ਐਂਟੀਬਾਡੀ ਵਾਲੇ ਲੋਕ ਕਿੰਨੇ ਸਮੇਂ ਲਈ ਵਾਇਰਸ ਨਾਲ ਇਮਿਊਨ ਹੁੰਦੇ ਹਨ। ਇਸ ਬਾਰੇ ਰਿਸਰਚ ਜਾਰੀ ਹੈ ਅਤੇ ਛੇਤੀ ਇਸ ਦਾ ਖੁਲਾਸਾ ਹੋਣਾ ਹੈ।

## ਜਾਪਾਨ ਵਿੱਚ ਵਾਰ-ਵਾਰ ਸਾਈਕਲ ਦੀ ਘੰਟੀ ਵਜਾਉਣ 'ਤੇ ਰੋਕ

ਟੋਕੀਓ, 11 ਜੂਨ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਕਹਿਰ ਵਿੱਚ ਭੀੜ ਭੜੱਕੇ ਤੋਂ ਬਚਣ ਲਈ ਦੁਨੀਆ ਭਰ ਵਿੱਚ ਸਾਈਕਲ ਦਾ ਇਸਤੇਮਾਲ ਵਧ ਰਿਹਾ ਹੈ। ਜਾਪਾਨ ਵਿੱਚ ਕਈ ਕੰਪਨੀਆਂ ਹੋਮ ਡਿਲੀਵਰੀ ਦੇ ਲਈ ਸਾਈਕਲ ਇਸਤੇਮਾਲ ਕਰ ਰਹੀਆਂ ਹਨ। ਟੋਕੀਓ ਦੀ ਇੱਕ ਕੰਪਨੀ ਦੀ ਵਿਕਰੀ ਦੋ ਮਹੀਨੇ ਵਿੱਚ 19 ਫੀਸਦੀ ਵਧੀ ਹੈ।

ਅਜਿਹੇ ਵਿੱਚ ਜਾਪਾਨ ਸਰਕਾਰ ਨੇ ਟਰੈਫਿਕ ਦੇ ਨਵੇਂ ਨਿਯਮ ਬਣਾਏ ਹਨ, ਜਿਨ੍ਹਾਂ ਵਿੱਚ ਸਾਈਕਲ 'ਤੇ ਜ਼ਿਆਦਾ ਧਿਆਨ ਦਿੱਤਾ ਗਿਆ ਹੈ। ਨਵੇਂ ਨਿਯਮਾਂ ਮੁਤਾਬਕ ਵਾਰ-ਵਾਰ ਘੰਟੀ ਵਜਾਉਣਾ ਨਿਯਮਾਂ ਦਾ ਉਲੰਘਣ ਮੰਨਿਆ ਜਾਏਗਾ, ਜਿਸ ਲਈ ਜੁਰਮਾਨਾ ਪਵੇਗਾ। 14 ਸਾਲ ਤੋਂ ਵੱਧ ਉਮਰ ਦੇ ਸਾਈਕਲ ਚਾਲਕਾਂ ਦੇ ਲਈ ਟਰੈਫਿਕ ਸੇਫਟੀ ਕੋਰਸ ਜ਼ਰੂਰੀ ਹੋਵੇਗਾ, ਵਰਨਾ ਕਰੀਬ 35 ਹਜ਼ਾਰ ਰੁਪਏ ਜੁਰਮਾਨਾ ਭਰਨਾ ਹੋਵੇਗਾ।

ਅਸਲ ਵਿੱਚ ਲਗਾਤਾਰ ਵਧਦੇ ਹਾਦਸੇ ਸਰਕਾਰ ਲਈ ਚੁਣੌਤੀ ਬਣੇ ਹਨ। ਪਿਛਲੇ ਸਾਲ ਖਤਰਨਾਕ ਸਾਈਕਲਿੰਗ ਦੇ 26687 ਕੇਸ ਦਰਜ ਹੋਏ ਸਨ, ਜਿਨ੍ਹਾਂ ਵਿੱਚੋਂ ਸਿਰਫ 328 ਲੋਕਾਂ ਨੇ ਸੇਫਟੀ ਕੋਰਸ ਕੀਤਾ ਸੀ। ਇਨ੍ਹਾਂ 'ਤੇ ਲਗਾਮ ਲਾਉਣ ਅਤੇ ਟਰੈਫਿਕ ਸੁਧਾਰਨ ਲਈ ਸਰਕਾਰ ਨੂੰ ਨਵੇਂ ਨਿਯਮ ਬਣਾਉਣੇ ਪਏ ਹਨ। ਬਾਕੀ ਵਾਹਨ ਚਾਲਕਾਂ ਦੇ ਲਈ ਵੀ ਨਿਯਮ ਸਖਤ ਕੀਤੇ ਗਏ ਹਨ। ਤੇਜ਼ ਜਾਂ ਲਾਪਰਵਾਹੀ ਨਾਲ ਦੋਪਹੀਆ ਜਾਂ ਹੋਰ ਵਾਹਨ ਚਲਾਉਣ 'ਤੇ ਲਾਇਸੈਂਸ ਦੋ ਸਾਲ ਲਈ ਰੱਦ ਕਰ ਦਿੱਤਾ ਜਾਏਗਾ। ਦੂਸਰੇ ਵਾਹਨ ਦਾ ਰਸਤਾ ਰੋਕਣਾ ਵੀ ਸਜ਼ਾਯੋਗ ਹੋਵੇਗਾ। ਨਵੇਂ ਨਿਯਮ ਤੀਹ ਜੂਨ ਤੋਂ ਪੂਰੇ ਦੇਸ਼ ਵਿੱਚ ਲਾਗੂ ਹੋ ਜਾਣਗੇ। ਨਵੇਂ ਨਿਯਮਾਂ ਮੁਤਾਬਕ 14 ਪ੍ਰਕਿਰਿਆਵਾਂ ਜਾਂ ਗਤੀਵਿਧੀਆਂ 'ਤੇ ਰੋਕ ਲਾਈ ਹੈ ਅਤੇ ਇਨ੍ਹਾਂ ਦੇ ਉਲੰਘਣ 'ਤੇ ਜੁਰਮਾਨੇ ਦਾ ਨਿਯਮ ਲਾਗੂ ਕੀਤਾ ਗਿਆ ਹੈ। ਇਨ੍ਹਾਂ ਵਿੱਚ ਸ਼ਰਾਬ ਪੀ ਕੇ ਸਾਈਕਲ ਚਲਾਉਣ ਅਤੇ ਦੂਸਰਿਆਂ ਦਾ ਰਸਤਾ ਰੋਕਣ 'ਤੇ ਵੀ ਪਾਬੰਦੀ ਰਹੇਗੀ। ਸਾਈਕਲ ਚਲਾਉਂਦੇ ਸਮੇਂ ਮੋਬਾਈਲ ਫੋਨ ਨਹੀਂ ਚਲਾ ਸਕਦੇ।

## ਸਵੀਡਨ ਆਪਣੇ ਪ੍ਰਧਾਨ ਮੰਤਰੀ ਪਾਮੇ ਦਾ ਕਾਤਲ ਹੀ ਨਹੀਂ ਲੱਭ ਸਕਿਆ

ਸਟਾਕਹੋਮ, 11 ਜੂਨ (ਪੋਸਟ ਬਿਊਰੋ)- ਵਿਕਸਤ ਦੇਸ਼ਾਂ 'ਚੋਂ ਸਵੀਡਨ ਦੀਆਂ ਜਾਂਚ ਏਜੰਸੀਆਂ 34 ਸਾਲਾਂ ਵਿੱਚ ਆਪਣੇ ਪ੍ਰਧਾਨ ਮੰਤਰੀ ਦੀ ਹੱਤਿਆ ਦੀ ਗੁੱਥੀ ਨਹੀਂ ਸੁਲਝਾ ਸਕੀਆਂ। ਦੋ ਵਾਰ ਚੋਣਾਂ ਜਿੱਤ ਕੇ ਪ੍ਰਧਾਨ ਮੰਤਰੀ ਬਣੇ ਓਲੋਫ ਪਾਮੇ ਦੇ ਕਾਤਲ ਨੂੰ ਨਹੀਂ ਫੜ ਸਕੀਆਂ। ਪਾਮੇ ਦੀ ਗੋਲੀ ਮਾਰ ਕੇ 1986 ਵਿੱਚ ਉਦੋਂ ਹੱਤਿਆ ਹੋਈ ਸੀ, ਜਦੋਂ ਉਹ ਸਟਾਕਹੋਮ ਦੇ ਸਿਨੇਮਾਘਰ 'ਚ ਫਿਲਮ ਦੇਖਣ ਲਈ ਪਤਨੀ ਤੇ ਬੇਟੇ ਨਾਲ ਆਏ ਸਨ, ਪਰ ਪੁਲਸ ਅਤੇ ਹੋਰਨਾਂ ਏਜੰਸੀਆਂ ਹਾਤਿਆਰੇ ਤੇ ਹੱਤਿਆ ਦੇ ਪਿੱਛੇ ਦੀ ਸਾਜ਼ਿਸ਼ ਦਾ ਪਤਾ ਨਹੀਂ ਲਗਾ ਸਕੀਆਂ। ਕੱਲ੍ਹ ਇੱਕ ਪ੍ਰੈੱਸ ਕਾਨਫਰੰਸ ਕਰ ਕੇ ਜਾਂਚ ਬੰਦ ਕਰਨ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ।

ਜਾਂਚਕਾਰਾਂ ਨੇ ਜਾਂਚ ਦੇ ਸਿੱਟਿਆਂ ਬਾਰੇ ਕਿਹਾ ਕਿ ਪਾਮੇ ਦੀ ਹੱਤਿਆ ਗ੍ਰਾਫਿਕ ਡਿਜ਼ਾਈਨਰ ਸਟਿੰਗ ਐਂਗਸਟ੍ਰਾਮ ਨੇ ਕੀਤੀ ਸੀ। ਪਾਮੇ ਨੇ ਦੇਸ਼ ਦੀ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਵਜੋਂ ਕਈ ਦਹਾਕਿਆਂ ਤੱਕ ਕੰਮ ਕੀਤਾ ਸੀ ਅਤੇ ਉਹ ਦੂਜੇ ਕਾਰਜਕਾਲ ਲਈ ਪ੍ਰਧਾਨ ਮੰਤਰੀ ਚੁਣੇ ਗਏ ਸਨ। ਉਨ੍ਹਾਂ ਨੂੰ ਆਧੁਨਿਕ ਸਵੀਡਨ ਦਾ ਰਚਨਾਕਾਰ ਮੰਨਿਆ ਜਾਂਦਾ ਹੈ। ਠੰਢੀ ਜੰਗ ਦੇ ਆਲੋਚਕ ਪਾਮੇ ਜਿੰਨੇ ਦੂਰ ਅਮਰੀਕਾ ਤੋਂ ਸਨ, ਓਨੇ ਹੀ ਉਸ ਵਕਤ ਦੇ ਸੋਵੀਅਤ ਯੂਨੀਅਨ ਤੋਂ ਵੀ ਸਨ। ਸਵੀਡਨ ਦੇ ਪ੍ਰਧਾਨ ਮੰਤਰੀ ਸਟੀਫਨ ਲਾਫਵੇਨ ਨੇ ਪਾਮੇ ਦੀ ਹੱਤਿਆ ਨੂੰ ਵੱਡਾ ਘਾਟਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਕੋਸ਼ਿਸ਼ ਹੋਵੇਗੀ ਕਿ ਲੋਕਾਂ ਦੇ ਮਨ ਵਿੱਚੋਂ ਇਹ ਦੁੱਖ ਖਤਮ ਹੋਵੇ। ਸਾਲ 2017 ਤੋਂ ਜਾਂਚ ਦੀ ਅਗਵਾਈ ਕਰ ਰਹੇ ਵਕੀਲ ਕ੍ਰਿਸਟਰ ਪੀਟਰਸਨ ਨੇ ਕਿਹਾ, ਪਾਮੇ ਦਾ ਹਤਿਆਰਾ ਸਟਿੰਗ ਐਂਗਸਟ੍ਰਾਮ ਸੀ। ਬੀਮਾ ਕੰਪਨੀ ਵਿੱਚ ਗ੍ਰਾਫਿਕ ਡਿਜ਼ਾਈਨਰ ਵਜੋਂ ਕੰਮ ਕਰਨ ਵਾਲੇ ਸਟਿੰਗ ਦੀ ਮੌਜੂਦਗੀ ਘਟਨਾ ਸਥਾਨ ਨੇੜੇ ਪਾਈ ਗਈ ਸੀ। ਪਾਮੇ ਦੀ ਹੱਤਿਆ ਤੋਂ ਬਾਅਦ ਉਸ ਤੋਂ ਕਈ ਵਾਰ ਪੁੱਛਗਿੱਛ ਕੀਤੀ ਗਈ ਅਤੇ ਜਾਣਕਾਰੀਆਂ ਹਾਸਲ ਕੀਤੀਆਂ ਗਈਆਂ, ਪਰ ਉਸ 'ਤੇ ਕਦੇ ਹਤਿਆਰਾ ਹੋਣ ਦਾ ਸ਼ੱਕ ਨਹੀਂ ਕੀਤਾ ਗਿਆ। ਸਾਲ 2000 ਵਿੱਚ ਉਸ ਦੀ ਮੌਤ ਹੋ ਗਈ।

# ਟਵੀਟ ਉੱਤੇ ਇਤਰਾਜ਼ ਹੋਣ ਮਗਰੋਂ ਕਰਾਸਫਿਟ ਦੇ ਸੀ ਈ ਓ ਦਾ ਅਸਤੀਫਾ



ਵਾਸ਼ਿੰਗਟਨ, 11 ਜੂਨ (ਪੋਸਟ ਬਿਊਰੋ)- ਅਮਰੀਕਾ 'ਚ ਪੁਲਸ ਦੇ ਹੱਥੋਂ ਮਾਰੇ ਗਏ ਗੈਰ ਗੋਰੇ ਜਾਰਜ ਫਲਾਇਡ ਬਾਰੇ ਗੈਰ ਸੰਵੇਦਨਸ਼ੀਲ ਟਿੱਪਣੀ 'ਤੇ ਸੋਸ਼ਲ ਮੀਡੀਆ 'ਤੇ ਭਾਰੀ ਵਿਰੋਧ ਦੇ ਬਾਅਦ ਕ੍ਰਾਸਫਿਟ ਦੇ ਸੀ ਈ ਓ ਗ੍ਰੇਗ ਗਲਾਸਮੈਨ ਨੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਕਰਾਸਫਿਟ ਆਧੁਨਿਕ ਜਿਮ ਦਾ ਵਿਸ਼ਵ ਪੱਧਰੀ ਬ੍ਰਾਂਡ ਹੈ।

ਗ੍ਰੇਗ ਗਲਾਸਮੈਨ ਨੇ ਬੀਤੇ ਮੰਗਲਵਾਰ ਸ਼ਾਮ ਕਰਾਸਫਿਟ ਇੱਕ ਦੀ ਵੈੱਬਸਾਈਟ ਉਤੇ ਜਾਰੀ ਬਿਆਨ 'ਚ ਆਪਣੀ ਰਿਟਾਇਰਮੈਂਟ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਉਸ ਨੇ ਫਲਾਇਡ ਬਾਰੇ ਕੀਤੇ ਗਏ ਆਪਣੇ ਟਵੀਟ 'ਤੇ ਮੁਆਫੀ ਵੀ ਮੰਗੀ ਹੈ। ਗਲਾਸਮੈਨ ਨੇ ਕਿਹਾ ਕਿ ਉਨ੍ਹਾਂ ਤੋਂ ਗਲਤੀ ਹੋ ਗਈ ਹੈ। ਉਨ੍ਹਾਂ ਨੂੰ ਹੋਰ ਸੰਵੇਦਨਸ਼ੀਲ ਹੋਣਾ ਚਾਹੀਦਾ ਸੀ। ਉਨ੍ਹਾਂ ਨੇ ਖੁਦ ਦੇ ਨਸਲਵਾਦੀ ਹੋਣ ਤੋਂ ਇਨਕਾਰ ਕੀਤਾ ਅਤੇ ਆਪਣੇ ਬਿਆਨ ਵਿੱਚ ਕਿਹਾ ਕਿ ਸ਼ਨੀਵਾਰ ਮੈਂ ਬਿਨਾਂ ਕਾਰਨ ਕਰਾਸਫਿਟ ਭਾਈਚਾਰੇ ਵਿੱਚ ਵਿਵਾਦ ਖੜ੍ਹਾ ਕਰ ਦਿੱਤਾ। ਮੈਂ ਆਪਣੇ ਉਸ ਵਿਹਾਰ ਨੂੰ ਕੰਪਨੀ ਅਤੇ ਸੰਬੰਧਤ ਸੰਗਠਨਾਂ ਦੇ ਹਿੱਤਾਂ ਦੇ ਰਸਤੇ 'ਚ ਨਹੀਂ ਆਉਣ ਦੇਣਾ ਚਾਹੁੰਦਾ। ਵਰਨਣ ਯੋਗ ਹੈ ਕਿ ਸਿਹਤ ਖੋਜ ਸੰਸਥਾ ਇੰਸਟੀਚਿਊਟ ਫਾਰ ਹੈਲਥ ਮੀਟ੍ਰਿਕਸ ਐਂਡ ਇਵੈਲਿਊਸ਼ਨ ਨੇ ਫਲਾਇਡ ਬਾਰੇ ਇੱਕ ਟਵੀਟ ਕਰ ਕੇ ਨਸਲਵਾਦ ਨੂੰ ਸਿਹਤਮੰਦ ਸਮਾਜ ਲਈ ਬਿਮਾਰੀ ਦੱਸਿਆ ਸੀ। ਇਸ ਟਵੀਟ ਉੱਤੇ ਗਲਾਸਮੈਨ ਨੇ ਲਿਖਿਆ ਸੀ ਕਿ ਇਹ ਫਲਾਇਡ 19 ਹੈ। ਇਸ ਤੋਂ ਬਾਅਦ ਦੂਜੇ ਟਵੀਟ ਵਿੱਚ ਉਨ੍ਹਾਂ ਸੰਸਥਾ ਦੀ ਕੋਸ਼ਿਸ਼ ਨੂੰ ਕੁਆਰੰਟਾਈਨ ਦੀ ਨਾਕਾਮੀ ਦੱਸ ਕੇ ਕਿਹਾ ਕਿ ਉਹ ਬਿਨਾਂ ਕਾਰਨ ਨਸਲਭੇਦ ਖਤਮ ਕਰਨ ਲਈ ਮਾਡਲ ਪੇਸ਼ ਕਰ ਰਹੇ ਹਨ।

ਗਲਾਸਮੈਨ ਦੇ ਇਸ ਟਵੀਟ ਨਾਲ ਸੋਸ਼ਲ ਮੀਡੀਆ ਉੱਤੇ ਹੰਗਾਮਾ ਹੋ ਗਿਆ ਅਤੇ ਹੈਲਥ ਇੰਡਸਟਰੀ ਦੇ ਬਲਾਗ ਮਾਰਨਿੰਗ ਚਾਕ ਅਪ ਦੇ ਮੁਤਾਬਕ ਦੁਨੀਆ ਦੇ ਕਰੀਬ 1250 ਜਿਮ ਨੇ ਕ੍ਰਾਸਫਿਟ ਨਾਲ ਸੰਬੰਧ ਤੋੜ ਲਿਆ ਸੀ।

## ਕੋਰੋਨਾ ਦੇ ਕਿਸੇ ਵੀ ਟੀਕੇ ਦੀ ਖੋਜ ਪੰਜ ਸਾਲ ਤੋਂ ਪਹਿਲਾਂ ਨਹੀਂ ਹੋ ਸਕਦੀ

ਸਾਨ ਫਰਾਂਸਿਸਕੋ, 11 ਜੂਨ (ਪੋਸਟ ਬਿਊਰੋ)- ਮੈਡੀਕਲ ਇਤਿਹਾਸ ਵਿੱਚ ਸ਼ਾਇਦ ਹੀ ਪੰਜ ਸਾਲਾਂ ਤੋਂ ਘੱਟ ਸਮੇਂ ਵਿੱਚ ਕੋਈ ਟੀਕਾ ਵਿਕਸਤ ਕੀਤਾ ਗਿਆ ਹੋਵੇ। ਸਭ ਤੋਂ ਤੇਜ਼ੀ ਨਾਲ ਵਿਕਸਤ ਕੀਤੇ ਜਾਣ ਵਾਲੇ ਟੀਕਿਆਂ 'ਚੋਂ ਮੌਜੂਦਾ ਮੰਮਪਸ ਦਾ ਟੀਕਾ ਸੀ, ਜਿਸ ਨੂੰ 1963 ਵਿੱਚ ਜੈਰੀਲ ਲਿਨ ਨਾਂਅ ਦੇ ਬੱਚੇ ਦੇ ਗਲੇ ਵਿੱਚੋਂ ਅਲੱਗ ਕਰਕੇ ਲਿਆ ਗਿਆ ਸੀ। ਅਗਲੇ ਮਹੀਨਿਆਂ ਵਿੱਚ ਉਸ ਦੇ ਪਿਤਾ ਇੱਕ ਜੀਵ ਵਿਗਿਆਨੀ ਮੌਰਿਸ ਹਿੱਲਮੈਨ ਨੇ ਇੱਕ ਜੀਵ-ਵਿਗਿਆਨ ਪ੍ਰਯੋਗਸ਼ਾਲਾਂ ਵਿੱਚ ਯੋਜਨਾਬੱਧ ਢੰਗ ਨਾਲ ਵਾਇਰਸ ਨੂੰ 'ਕਮਜ਼ੋਰ' ਕੀਤਾ ਸੀ।

ਮੌਰਿਸ ਹਿੱਲਮੈਨ ਨੇ ਦੱਸਿਆ ਕਿ ਅਜਿਹਾ ਕਮਜ਼ੋਰ ਵਾਇਰਸ ਵਿਰੋਧੀ ਪ੍ਰਤੀਕਰਮ ਨੂੰ ਉਤੇਜਿਤ ਕਰਦਾ ਹੈ ਪਰ ਬਿਮਾਰੀ ਦਾ ਕਾਰਨ ਨਹੀਂ ਬਣਦਾ। ਇਮਿਊਨ ਪ੍ਰਤੀਕਿਰਿਆ ਨੂੰ ਅਸਲ ਵਾਇਰਸ ਨਾਲ ਭਵਿੱਖ ਵਿੱਚ ਹੋਣ ਵਾਲੀਆਂ ਲਾਗਾਂ ਤੋਂ ਬਚਾਉਂਦਾ ਹੈ। ਅਗਲੇ ਦੋ ਸਾਲਾਂ ਵਿੱਚ ਮਨੁੱਖੀ ਟੈੱਸਟ ਕੀਤੇ ਗਏ ਅਤੇ ਇਹ ਟੀਕਾ ਮਰਕ ਦੁਆਰਾ ਦਸੰਬਰ 1967 ਵਿੱਚ ਲਾਇਸੰਸ ਸ਼ੁਦਾ ਬਾਜ਼ਾਰ ਵਿੱਚ ਆਇਆ ਸੀ। ਐਂਟੀਵਾਇਰਲ ਡਰੱਗਜ਼ ਨੇ ਵੀ ਆਮ ਤੌਰ 'ਤੇ ਵਿਕਾਸ ਲਈ ਕਈ ਦਹਾਕੇ ਲਏ ਹਨ। ਇਨ੍ਹਾਂ ਦੇ ਪ੍ਰਭਾਵਸ਼ਾਲੀ ਸੰਜੋਗ ਨੂੰ ਵੀ ਵੱਧ ਸਮਾਂ ਲੱਗਦਾ ਹੈ। ਏਡਜ਼ ਦੇ ਪਹਿਲੇ ਕੇਸ 1980 ਦੇ ਦਹਾਕੇ ਦੇ ਸ਼ੁਰੂ ਵਿੱਚ ਮਿਲੇ ਸਨ, ਇਸਨੂੰ ਬਹੁਤ ਪ੍ਰਭਾਵਸ਼ਾਲੀ ਟ੍ਰਿਪਲ ਡਰੱਗ ਕਾਕਟੇਲ ਵਿਕਸਿਤ ਕਰਨ ਅਤੇ ਪ੍ਰਮਾਣਿਤ ਕਰਨ ਵਿੱਚ ਇੱਕ ਦਹਾਕੇ ਤੋਂ ਵੱਧ ਸਮਾਂ ਲੱਗਿਆ, ਜੋ ਅੱਜ ਥੈਰੇਪੀ ਦਾ ਮੁੱਖ ਆਧਾਰ ਹਨ। ਅਸੀਂ ਅਜੇ ਤੱਕ ਐਚ ਆਈ ਵੀ ਵਿਰੁੱਧ ਦਵਾਈਆਂ ਦੀਆਂ ਨਵੀਆਂ ਖੋਜਾਂ ਵਿਰਸਤ ਕਰਨਾ ਜਾਰੀ ਰੱਖਦੇ ਹਾਂ ਅਤੇ ਖਾਸ ਤੌਰ 'ਤੇ ਇਸ ਬਿਮਾਰੀ ਦੇ ਲਈ ਕੋਈ ਟੀਕਾ ਨਹੀਂ ਹੈ। ਫਿਰ ਵੀ ਸਾਰਸ-ਕੋਵਿਡ-2 ਵਿਰੁੱਧ ਟੀਕਾ ਬਣਾਉਣ ਦਾ ਸਭ ਤੋਂ ਵੱਡਾ ਉਦੇਸ਼ ਹੈ ਜੋ ਵਾਇਰਸ ਕੋਵਿਡ-19 ਦਾ ਕਾਰਨ ਬਣਦਾ ਹੈ। ਸਾਨੂੰ ਇਸ ਨੂੰ ਤਿਆਰ ਕਰਨ ਵਿੱਚ 12 ਮਹੀਨੇ ਤੋਂ 18 ਮਹੀਨੇ ਲੱਗ ਸਕਦੇ ਹਨ। ਇਸ ਨੂੰ ਬਾਹਰ ਕੱਢਣਾ ਪੀੜ੍ਹੀਆਂ ਵਿੱਚ ਸਭ ਤੋਂ ਮਹੱਤਵਪੂਰਨ ਵਿਗਿਆਨਕ ਕੰਮ ਹੈ।

# ਨਾਰਾਜ਼ ਕਿਮ ਨੇ ਦੱਖਣੀ ਕੋਰੀਆ ਨਾਲ ਸੰਬੰਧ ਤੋੜੇ, ਹਰ ਤਰ੍ਹਾਂ ਦਾ ਸੰਪਰਕ ਬੰਦ



ਪਿਓਂਗਯਾਂਗ, 11 ਜੂਨ (ਪੋਸਟ ਬਿਊਰੋ)- ਉਤਰ ਕੋਰੀਆ ਦੇ ਨਾਰਾਜ਼ ਤਾਨਾਸ਼ਾਹ ਕਿਮ ਜੋਂਗ-ਉਨ ਨੇ ਦੱਖਣੀ ਕੋਰੀਆ ਦੇ ਨਾਲ ਸੰਬੰਧ ਤੋੜ ਦਿੱਤੇ ਹਨ। ਉਨ੍ਹਾਂ ਨੇ ਕੱਲ੍ਹ ਦੱਖਣੀ ਕੋਰੀਆ ਨਾਲ ਸਾਰੇ ਸੰਪਰਕ ਤੋੜਨ ਦਾ ਫੈਸਲਾ ਕੀਤਾ ਹੈ।

ਇਸ ਬਾਰੇ ਉਤਰ ਕੋਰੀਆ ਨੇ ਕਿਹਾ ਕਿ ਅਸੀਂ ਦੱਖਣੀ ਕੋਰੀਆ ਨੂੰ ਅੱਗੇ ਤੋਂ ਦੁਸ਼ਮਣ ਦੇਸ਼ ਮਨਾਂਗੇ, ਉਸ ਹਿਸਾਬ ਨਾਲ ਵਿਹਾਰ ਕੀਤਾ ਜਾਵੇਗਾ। ਦੱਖਣੀ ਕੋਰੀਆ ਦੇ ਅਫ਼ਸਰਾਂ ਦਾ ਵਿਹਾਰ ਗ਼ੈਰ-ਜ਼ਿੰਮੇਦਾਰਾਨਾ ਹੈ। ਇਨ੍ਹਾਂ ਨੂੰ ਮੁਆਫ਼ ਨਹੀਂ ਕੀਤਾ ਜਾ ਸਕਦਾ। ਇਸ ਦੀ ਵੱਡੀ ਕੀਮਤ ਚੁਕਾਣੀ ਹੋਵੇਗੀ। ਦੱਖਣੀ ਕੋਰੀਆ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ। ਦੱਖਣੀ ਕੋਰੀਆ ਸਾਡੇ ਵਿਰੁੱਧ ਪ੍ਰੋਗੇਗੰਡਾ ਚਲਾਉਣ ਵਾਲਿਆਂ ਨੂੰ ਨਹੀਂ ਰੋਕ ਪਾਇਆ।

ਦੂਸਰੇ ਪਾਸੇ ਦੱਖਣੀ ਕੋਰੀਆ ਨੇ ਇਸ ਮਾਮਲੇ 'ਤੇ ਗੱਲਬਾਤ ਲਈ ਉਤਰ ਕੋਰੀਆਈ ਅਫ਼ਸਰਾਂ ਨੂੰ ਫੋਨ ਵੀ ਕੀਤਾ ਪਰ ਉਥੇ ਕਿਸੇ ਨੇ ਫੋਨ ਰਿਸੀਵ ਨਹੀਂ ਕੀਤਾ। ਕੰਮਿਊਨੀਕੇਸ਼ਨ ਲਾਈਨ ਤੋੜਨ ਦਾ ਫੈਸਲਾ ਉਤਰ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ-ਉਨ ਅਤੇ ਉਨ੍ਹਾਂ ਦੀ ਭੈਣ ਕਿਮ ਯੋ-ਜੋਂਗ ਦੀ ਮੌਜੂਦਗੀ 'ਚ ਲਿਆ ਗਿਆ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਕਦਮ ਦੱਖਣੀ ਕੋਰੀਆ ਦੇ ਨਾਲ ਸਾਰੇ ਰਿਸ਼ਤੇ ਪੂਰੀ ਤਰ੍ਹਾਂ ਨਾਲ ਖ਼ਤਮ ਕਰਨ ਦੀ ਦਿਸ਼ਾ 'ਚ ਪਹਿਲਾਂ ਕਦਮ ਹੈ। ਉਤਰ ਅਤੇ ਦੱਖਣੀ ਕੋਰੀਆ ਨੇ ਦੋ ਸਾਲ ਪਹਿਲਾਂ ਕੰਮਿਊਨੀਕੇਸ਼ਨ ਲਾਈਨ ਬਣਾਈ ਸੀ।

# ਜ਼ਿੰਬਾਬਵੇ ਕ੍ਰਿਕਟ ਬੋਰਡ ਉਤੇ ਟਿੱਪਣੀ ਕਾਰਨ ਬ੍ਰਾਇਨ ਸਟ੍ਰੈਂਗ ਦਾ ਕੈਰੀਅਰ ਬਰਬਾਦ



ਹਰਾਰੇ (ਜ਼ਿੰਬਾਬਵੇ), 11 ਜੂਨ (ਪੋਸਟ ਬਿਊਰੋ)- ਨਸਲਵਾਦ ਦੀਆਂ ਨੀਤੀਆਂ ਕਾਰਨ ਜ਼ਿੰਬਾਬਵੇ ਕ੍ਰਿਕੇਟ ਬੋਰਡ ਲੰਬੇ ਸਮੇਂ ਵਿੱਚ ਵਿਵਾਦਾਂ ਵਿੱਚ ਰਿਹਾ ਹੈ। ਜ਼ਿੰਬਾਬਵੇ ਨੇ ਇਨ੍ਹਾਂ ਨੀਤੀਆਂ ਦੇ ਚੱਲਦੇ ਫਲਾਵਰ ਬਰਦਰਜ਼ (ਐਂਡੀ ਅਤੇ ਗ੍ਰਾਂਟ), ਹੀਥ ਸਟ੍ਰੀਕ, ਹੈਨਰੀ ਓਲਿੰਗਾ ਅਤੇ ਨੀਲ ਜਾਨਸਨ ਵਰਗੇ ਪਲੇਅਰ ਗਵਾਏ ਹਨ। ਇਸ ਅੱਗ ਤੋਂ ਜ਼ਿੰਬਾਬਵੇ ਦੇ ਉਭਰਦੇ ਕ੍ਰਿਕਟਰ ਬ੍ਰਾਇਨ ਸਟ੍ਰੈਂਗ ਵੀ ਬਚ ਨਹੀਂ ਪਾਏ। ਜ਼ਿੰਬਾਬਵੇ ਕ੍ਰਿਕੇਟ ਵਿੱਚ ਬ੍ਰਾਇਨ ਸਟ੍ਰੈਂਗ ਆਪਣੇ ਭਰਾ ਪਾਲ ਦੇ ਵਾਂਗ ਆਲਰਾਊਂਡਰ ਦੇ ਤੌਰ 'ਤੇ ਖੇਲਦਾ ਸੀ।

ਪਤਾ ਲੱਗਾ ਹੈ ਕਿ ਬ੍ਰਾਇਨ ਜ਼ਿੰਬਾਬਵੇ ਕ੍ਰਿਕੇਟ ਮੈਨੇਜਮੈਂਟ ਦੀਆਂ ਨੀਤੀਆਂ ਤੋਂ ਦੁੱਖੀ ਸੀ। ਇਸ ਦੌਰਾਨ ਸਾਊਥ ਅਫਰੀਕਾ ਵਿੱਚ 2003 ਕ੍ਰਿਕੇਟ ਵਿਸ਼ਵ ਕਪ ਆ ਗਿਆ। ਬ੍ਰਾਇਨ ਨੇ ਕਿਹਾ ਕਿ ਜ਼ਿੰਬਾਬਵੇ ਇਸ ਟੂਰਨਾਮੈਂਟ ਲਈ ਨੈਤਿਕ ਆਧਾਰ 'ਤੇ ਮੇਜ਼ਬਾਨੀ ਦੀ ਦਾਵੇਦਾਰੀ ਨਹੀਂ ਕਰ ਸਕਦਾ। ਉਸ ਦੇ ਇਸ ਬਿਆਨ 'ਤੇ ਜ਼ਿੰਬਾਬਵੇ ਦੀ ਕ੍ਰਿਕੇਟ ਮੈਨੇਜਮੈਂਟ ਅਤੇ ਪਾਲੀਟਿਕਲ ਪਾਰਟੀਆਂ ਵਿੱਚ ਖੂਬ ਘਮਾਸਾਨ ਹੋਇਆ। 2001 ਵਿੱਚ ਜ਼ਿੰਬਾਬਵੇ ਦੇ ਵੱਲੋਂ ਆਖ਼ੀਰੀ ਮੈਚ ਖੇਡਣ ਦੇ ਬਾਅਦ ਬ੍ਰਾਇਨ ਨੂੰ ਦੇਸ਼ ਛੱਡਣਾ ਪਿਆ ਸੀ। ਉਨ੍ਹਾਂ 'ਤੇ ਪੱਕੀ ਪਾਬੰਦੀ ਲਾ ਦਿੱਤੀ ਗਈ ਸੀ।

ਫਿਰ ਵੀ ਬ੍ਰਾਇਨ ਨੇ ਹਾਰ ਨਹੀਂ ਮੰਨੀ। ਦੇਸ਼ ਵਾਪਸੀ ਦੇ ਬਾਅਦ ਉਨ੍ਹਾਂ ਨੇ ਸਪੋਟਰਸ ਸਾਇੰਸ ਵਿੱਚ ਡਿਗਰੀ ਹਾਸਲ ਕੀਤੀ ਅਤੇ ਉਸੇ ਲਿਲਫੋਡਰਿਆ ਕਾਲਜ ਵਿੱਚ ਪੜ੍ਹਾਇਆ, ਜਿੱਥੇ ਜ਼ਿੰਬਾਬਵੇ ਦੇ ਸਾਬਕਾ ਕਪਤਾਨ ਏਲਿਸਟੇਅਰ ਕੈਮਬੇਲ ਵੀ ਪੜ੍ਹਾਉਂਦੇ ਸੀ। ਬ੍ਰਾਇਨ ਦੇ ਨਾਮ 'ਤੇ ਫਸਟ ਕਲਾਸ ਕ੍ਰਿਕੇਟ ਦਾ ਇੱਕ ਯੂਨੀਕ ਰਿਕਾਰਡ ਹੈ। ਫਸਟ ਕਲਾਸ ਦੀ ਇੱਕ ਪਾਰੀ ਵਿੱਚ ਸਭ ਤੋਂ ਘੱਟ ਰਨ ਬਣਾਉਣ ਦਾ ਰਿਕਾਰਡ ਮੇਟਾਬੇਲੇਲੈਂਡ ਟੀਮ (19) ਦੇ ਨਾਮ 'ਤੇ ਹੈ। ਇਸ ਪਾਰੀ ਦੇ ਦੌਰਾਨ ਬ੍ਰਾਇਨ ਨੇ ਮਾਤਰ ਛੇ ਰਨ ਦੇ ਕੇ ਪੰਜ ਵਿਕੇਟ ਲਏ ਸਨ।

# ਜਨਰਲ ਸੁਲੇਮਾਨੀ ਦੀ ਮੁਖਬਰੀ ਦੇ ਦੋਸ਼ੀ ਨੂੰ ਈਰਾਨ ਫਾਂਸੀ ਦੇਵੇਗਾ

ਤਹਿਰਾਨ, 11 ਜੂਨ (ਪੋਸਟ ਬਿਊਰੋ)- ਈਰਾਨ ਦੇ ਚੋਟੀ ਦੇ ਕਮਾਂਡਰ ਜਨਰਲ ਕਾਸਿਮ ਸੁਲੇਮਾਨੀ ਦੀ ਮੁਖਬਰੀ ਕਰਨ ਵਾਲੇ ਇੱਕ ਵਿਅਕਤੀ ਨੂੰ ਮੌਤ ਦੀ ਸਜ਼ਾ ਸੁਣਾਉਣ ਦਾ ਐਲਾਨ ਕੀਤਾ ਗਿਆ ਹੈ। ਬੀਤੇ ਜਨਵਰੀ ਵਿੱਚ ਬਗਦਾਦ ਵਿੱਚ ਅਮਰੀਕਾ ਨੇ ਡਰੋਨ ਹਮਲੇ ਵਿੱਚ ਜਨਰਲ ਸੁਲੇਮਾਨੀ ਨੂੰ ਮਾਰ ਦਿੱਤਾ ਗਿਆ ਸੀ।

ਇਸ ਸੰਬੰਧ ਵਿੱਚ ਈਰਾਨ ਦੇ ਕਾਨੂੰਨ ਵਿਭਾਗ ਦੇ ਬੁਲਾਰੇ ਗੁਲਾਮ ਹੁਸੈਨ ਇਸਮਾਇਲੀ ਨੇ ਦੱਸਿਆ ਕਿ ਮੁਖਬਰੀ ਕਰਨ ਵਾਲੇ ਵਿਅਕਤੀ ਦਾ ਨਾਂਅ ਮੁਹੰਮਦ ਮੌਸਵੀ ਮਾਜਦ ਹੈ। ਉਸ ਨੇ ਅਮਰੀਕਾ ਤੇ ਇਜ਼ਰਾਈਲ ਨੂੰ ਜਨਰਲ ਸੁਲੇਮਾਨੀ ਦੇ ਬਾਰੇ ਜਾਣਕਾਰੀ ਦਿੱਤੀ ਸੀ। ਇਸਮਾਇਲੀ ਨੇ ਦੱਸਿਆ ਕਿ ਮਾਜਦ ਰਿਵੈਲਿਊਸ਼ਨਰੀ ਗਾਰਡਜ ਦੀਆਂ ਸੁਰੱਖਿਆ ਨਾਲ ਜੁੜੀਆਂ ਜਾਣਕਾਰੀਆਂ ਲੀਕ ਕਰ ਰਿਹਾ ਸੀ। ਉਹ ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਤੇ ਇਜ਼ਰਾਈਲ ਦੀ ਖੁਫੀਆ ਏਜੰਸੀ ਮੌਸਾਦ ਨਾਲ ਜੁੜਿਆ ਸੀ। ਮਾਜਦ ਦੇ ਬਾਰੇ ਕੋਈ ਵਿਸਥਾਰਤ ਜਾਣਕਾਰੀ ਨਹੀਂ ਦਿੱਤੀ ਗਈ। ਉਸ ਦੀ ਮੁਖਬਰੀ ਦੇ ਬਾਰੇ ਕੋਈ ਪ੍ਰਮਾਣ ਸਾਹਮਣੇ ਨਹੀਂ ਰੱਖਿਆ ਗਿਆ। ਇਸਮਾਇਲੀ ਨੇ ਇਹ ਜਾਣਾਕਰੀ ਵੀ ਨਹੀਂ ਦਿੱਤੀ ਕਿ ਮਾਜਦ ਨੂੰ ਸਜ਼ਾ ਕਦੋਂ ਦਿੱਤੀ ਜਾਵੇਗੀ। ਉਨ੍ਹਾਂ ਬੱਸ ਇੰਨਾ ਕਿਹਾ ਕਿ ਉਸ ਨੂੰ ਜਲਦੀ ਸਜ਼ਾ ਦਿੱਤੀ ਜਾਵੇਗੀ। ਇਹ ਸਵਾਲ ਵੀ ਉਠ ਰਿਹਾ ਹੈ ਕਿ ਮਾਜਦ ਦੀ ਪਹੁੰਚ ਖੁਫੀਆ ਜਾਣਕਾਰੀਆਂ ਤੱਕ ਕਿਵੇਂ ਹੁੰਦੀ ਸੀ।

ਜਨਰਲ ਕਾਸਿਮ ਸੁਲੇਮਾਨੀ ਈਰਾਨ ਦੇ ਵਿਸ਼ੇਸ਼ ਇਸਲਾਮਕ ਰਿਵੈਲਿਊਸ਼ਨਰੀ ਗਾਰਡਜ ਕੋਰ ਦੇ ਕੁਦਸ ਫੋਰਸ ਦੇ ਮੁਖੀ ਸਨ। ਅਮਰੀਕਾ ਨੇ ਤਿੰਨ ਜਨਵਰੀ ਨੂੰ ਬਗਦਾਦ ਦੇ ਇੰਟਰਨੈਸ਼ਨਲ ਹਵਾਈ ਅੱਡੇ ਤੋਂ ਨਿਕਲਦੇ ਸਮੇਂ ਸੁਲੇਮਾਨੀ ਨੂੰ ਡਰੋਨ ਹਮਲੇ ਵਿੱਚ ਮਾਰ ਦਿੱਤਾ ਸੀ। ਇਸ ਤੋਂ ਬਾਅਦ ਈਰਾਨ ਤੇ ਅਮਰੀਕਾ ਵਿੱਚ ਤਣਾਅ ਵਧ ਗਿਆ ਸੀ।

## ਚੀਨ ਦੀ ਮਨੁੱਖ ਰਹਿਤ ਸਬਮਰਸੀਬਲ ਨੇ ਰਿਕਾਰਡ ਬਣਾਇਆ

ਬੀਜਿੰਗ, 11 ਜੂਨ (ਪੋਸਟ ਬਿਊਰੋ)- ਚੀਨ ਦੇ ਮਨੁੱਖ ਰਹਿਤ ਸਬਮਰਸੀਬਲ ਨੇ ਮਹਾਸਾਗਰ ਦੇ ਹੇਠਾਂ ਵਿਸ਼ਵ ਦੇ ਸਭ ਤੋਂ ਗਹਿਰੇ ਬਿੰਦੂ ਤੱਕ ਗੋਤਾ ਲਾਉਣ ਦਾ ਰਿਕਾਰਡ ਬਣਾਇਆ ਹੈ। ਇਸ ਦੌਰਾਨ ਸਬਮਰਸੀਬਲ ਨੇ ਗਹਿਰੇ ਮਹਾਸਾਗਰ ਤੋਂ ਨਮੂਨੇ ਇਕੱਠੇ ਕੀਤੇ ਅਤੇ ਸਮੁੰਦਰ ਦੇ ਅੰਦਰਲੇ ਵਾਤਾਵਰਣ ਦੇ ਉੱਚ ਗੁਣਵੱਤਾ ਵਾਲੇ ਚਿੱਤਰ ਵੀ ਖਿੱਚੇ।

ਸਬਮਰਸੀਬਲ ਗਹਿਰੇ ਪਾਣੀ ਵਿਚ ਜਾ ਸਕਣ ਵਾਲੀ ਇੱਕ ਮਸ਼ੀਨ ਹੁੰਦੀ ਹੈ ਜਿਸ ਦਾ ਇਸਤੇਮਾਲ ਆਮ ਤੌਰ 'ਤੇ ਵਿਗਿਆਨਕ ਖੋਜ ਦੇ ਲਈ ਕੀਤਾ ਜਾਂਦਾ ਹੈ। ਚੀਨ ਦੇ ਸਬਮਰਸੀਬਲ ਹਾਇਦੂ-1 ਨੇ ਪ੍ਰਸ਼ਾਂਤ ਮਹਾਸਾਗਰ ਵਿੱਚ ਵਿਸ਼ਵ ਦੇ ਸਭ ਤੋਂ ਗਹਿਰੇ ਖੇਤਰ ਮਰਿਆਨਾ ਟ੍ਰੇਂਚ ਤੱਕ ਪਹੁੰਚਣ ਦਾ ਰਿਕਾਰਡ ਬਣਾਇਆ ਹੈ। ਇਸ ਦੇ ਦਲ ਦੇ ਮੈਂਬਰਾਂ ਨੇ ਦੱਸਿਆ ਕਿ ਸਬਮਰਸੀਬਲ ਸਮੁੰਦਰ ਦੀ ਸਤ੍ਹਾ ਤੋਂ 10,000 ਮੀਟਰ ਗਹਿਰੇ ਮਰਿਆਨਾ ਟ੍ਰੇਂਚ ਡੀਪ ਵਿੱਚ ਚਾਰ ਵਾਰ ਉੱਤਰਿਆ। ਗਹਿਰੇ ਸਮੁੰਦਰ ਵਿੱਚ ਖੋਜ ਦੇ ਦੌਰਾਨ ਖੋਜਕਾਰਾਂ ਨੇ ਸਹੀ ਤਰੀਕੇ ਨਾਲ ਗਹਿਰਾਈ ਮਾਪਣ ਦੀ ਜਾਂਚ ਕੀਤੀ, ਧੁਨੀ ਤਰੰਗਾਂ ਰਾਹੀਂ ਸਥਿਤੀ ਦਾ ਪਤਾ ਲਗਾਉਣ 'ਤੇ ਖੋਜ ਕੀਤੀ ਅਤੇ ਉੱਚ ਗੁਣਵੱਤਾ ਵਾਲੇ ਵੀਡੀਓ ਤਿਆਰ ਕਰਨ ਦੀ ਕੋਸ਼ਿਸ਼ ਕੀਤੀ।

# ਦੂਜੀ ਵਿਸ਼ਵ ਜੰਗ ਵੇਲੇ ਲੰਡਨ ਅੰਡਰਗਰਾਊਂਡ ਵਿੱਚ ਚੱਲ ਰਹੀ ਸੀ ਲੜਾਕੂ ਜਹਾਜ਼ਾਂ ਦੀ ਫੈਕਟਰੀ

ਗਲਾਸਗੋ, 11 ਜੂਨ (ਪੋਸਟ ਬਿਊਰੋ)- ਦੂਜੀ ਵਿਸ਼ਵ ਜੰਗ ਵੇਲੇ ਲੰਡਨ ਦੀ ਜ਼ਮੀਨ ਦੋਜ਼ ਰੇਲਵੇ ਦੀ ਸਰਕਲ ਲਾਈਨ ਨੂੰ ਲੜਾਕੂ ਜਹਾਜ਼ਾਂ ਨਾਲ ਸਬੰਧਤ ਸਮੱਗਰੀ ਬਣਾਉਣ ਲਈ ਕਾਨਖਾਨੇ ਵਜੋਂ ਵਰਤਿਆ ਗਿਆ ਸੀ। ਇਹ ਫੈਕਟਰੀ ਪੰਜ ਮੀਲ ਲੰਬੀ ਅਤੇ 13 ਫੁੱਟ ਚੌੜੀ ਸੀ। ਇਸ ਵਿੱਚ ਲਗੱਭਗ ਚਾਰ ਹਜ਼ਾਰ ਕਾਮੇ ਕੰਮ ਕਰਦੇ ਸਨ।

ਪਤਾ ਲੱਗਾ ਹੈ ਕਿ ਦੂਜੀ ਵਿਸ਼ਵ ਜੰਗ ਦੌਰਾਨ ਲੰਡਨ ਵਿੱਚ ਬਹੁਤੀਆਂ ਸੁਰਗਾਂ ਅਜੇ ਅਧੂਰੀਆਂ ਸਨ। ਇਸ ਸਮੇ ਇਲੈਕਟ੍ਰੋਨਿਕ ਸਾਮਾਨ ਦੀ ਨਿਰਮਾਤਾ ਕੰਪਨੀ ਪਲੈਸੀ ਨੇ 1940 ਵਿੱਚ ਇਲਫੋਰਡ ਵਿੱਚ ਆਪਣੀ ਫੈਕਟਰੀ ਵਿੱਚ ਬੰਬ ਧਮਾਕੇ ਤੋਂ ਬਾਅਦ ਲੇਟਨਸਟੋਨ ਅਤੇ ਗੈਂਟਸ ਹਿੱਲ ਵਿਚਾਲੇ ਇੱਕ ਗੁਪਤ ਜਹਾਜ਼ਾਂ ਦਾ ਕਾਰਖਾਨੇ ਬਣਾਉਣ ਦੀ ਇਜਾਜ਼ਤ ਮੰਗੀ ਸੀ। ਮਾਰਚ 1942 ਤੱਕ ਪਲੇਸੀ ਏਅਰਕ੍ਰਾਫਟ ਦੀ ਇਹ ਜ਼ਮੀਨਦੋਜ਼ ਫੈਕਟਰੀ ਬਣਕੇ ਤਿਆਰ ਹੋ ਗਈ ਸੀ ਅਤੇ ਇਸ ਵਿੱਚ ਹਜ਼ਾਰਾਂ ਲੋਕ ਕੰਮ ਕਰਦੇ ਸਨ। ਇਸ ਵਿੱਚ ਬੰਬ, ਵਾਇਰਲੈੱਸ ਜੰਤਰ ਅਤੇ ਫੀਲਡ ਟੈਲੀਫੋਨ ਲਈ ਤਾਰਾਂ ਦੇ ਸੈੱਟ ਬਣਦੇ ਸਨ। ਫੈਕਟਰੀ ਦੇ ਅੰਦਰ ਜਾਂ ਬਾਹਰ ਆਉਣ-ਜਾਣ ਵਾਲਿਆਂ ਨੂੰ ਵੈਨਸਟੇਡ, ਰੈਂਡਬ੍ਰਿਜ ਅਤੇ ਗੈਟਸ ਹਿੱਲ ਦੇ ਤਿੰਨ ਅਧੂਰੇ ਟਿਊਬ ਸਟੇਸ਼ਨਾਂ ਦੀ ਵਰਤੋਂ ਕਰਨੀ ਪੈਂਦੀ ਸੀ। ਫੈਕਟਰੀ ਨੇ ਆਪਣੇ ਸਾਮਾਨ ਦੀ ਢੋਆ-ਢੁਆਈ ਲਈ ਇੱਕ ਛੋਟੇ ਰੇਲਵੇ ਟਰੈਕ ਨੂੰ ਵੀ ਚਲਾਇਆ ਹੋਇਆ ਸੀ ਤਾਂ ਜੋ ਚੀਜ਼ਾਂ ਨੂੰ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਲਿਜਾਇਆ ਜਾ ਸਕੇ। ਫੈਕਟਰੀ ਵਿੱਚ ਰੋਸ਼ਨੀ ਅਤੇ ਏਅਰਕੰਡੀਸ਼ਨਿੰਗ ਤੋਂ ਬਿਨਾ ਕਾਮਿਆਂ ਨੂੰ ਬਾਕਾਇਦਾ ਭੋਜਨ ਦਿੱਤਾ ਜਾਂਦਾ ਸੀ। ਫੈਕਟਰੀ ਦੇ ਅੰਦਰ ਕੰਟੀਨ ਵੀ ਬਣਾਈ ਸੀ। ਇਸ ਫੈਕਟਰੀ ਵਿੱਚ ਦਿਨ-ਰਾਤ ਕੰਮ ਚੱਲਦਾ ਸੀ ਅਤੇ ਰਿਪੋਰਟਾਂ ਦੱਸਦੀਆਂ ਹਨ ਕਿ ਫੈਕਟਰੀ ਨੇ ਅੱਠ ਮਿਲੀਅਨ ਸ਼ੈਲ ਅਤੇ ਬੰਬ ਬਣਾਏ ਸਨ ਅਤੇ 11 ਮਿਲੀਅਨ ਤੋਂ ਵੱਧ ਜਹਾਜ਼ਾਂ ਦੇ ਪੁਰਜ਼ੇ ਬਣਾਏ ਸਨ। ਜੰਗ ਤੋਂ ਬਾਅਦ ਫੈਕਟਰੀ ਬੰਦ ਹੋ ਗਈ ਅਤੇ ਸੁਰੰਗਾਂ ਨੂੰ ਉਨ੍ਹਾਂ ਦੇ ਅਸਲ ਮਕਸਦ ਆਵਾਜਾਈ ਦੇ ਸਾਧਨਾਂ ਵਿੱਚ ਵਾਪਸ ਤਬਦੀਲ ਕਰ ਦਿੱਤਾ ਗਿਆ ਸੀ।

# ਸੰਯੁਕਤ ਰਾਸ਼ਟਰ ਦੀ ਵਰ੍ਹੇਗੰਢ ਲਈ 75 ਸਾਲਾਂ ਵਿੱਚ ਪਹਿਲੀ ਵਾਰੀ ਇੱਕਠੇ ਨਹੀਂ ਹੋ ਸਕਣਗੇ ਵਿਸ਼ਵ ਆਗੂ




ਤਨਜ਼ਾਨੀਆ, 11 ਜੂਨ (ਪੋਸਟ ਬਿਊਰੋ) : ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੇ ਪ੍ਰੈਜ਼ੀਡੈਂਟ ਨੇ ਕਲ੍ਹ ਆਖਿਆ ਕਿ ਵਿਸ਼ਵ ਭਰ ਦੇ ਆਗੂ ਸਤੰਬਰ ਦੇ ਅੰਤ ਵਿੱਚ ਹੋਣ ਵਾਲੀ ਸਾਲਾਨਾ ਮੀਟਿੰਗ ਵਿੱਚ ਹਿੱਸਾ ਲੈਣ ਲਈ ਨਹੀਂ ਆਉਣਗੇ। ਸੰਯੁਕਤ ਰਾਸ਼ਟਰ ਦੇ 75 ਸਾਲਾਂ ਦੇ ਇਤਿਹਾਸ ਵਿੱਚ ਅਜਿਹਾ ਪਹਿਲੀ ਵਾਰੀ ਹੋਵੇਗਾ। ਪਰ ਤਿਜਾਨੀ ਮੁਹੰਮਦ ਬੈਂਦੀ ਨੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ 193 ਦੇਸ਼ਾਂ ਦੇ ਮੁਖੀ ਇੱਕਲੇ ਨਿਊ ਯੌਰਕ ਨਹੀਂ ਆ ਸਕਦੇ। ਕੋਈ ਵੀ ਪ੍ਰੈਜ਼ੀਡੈਂਟ ਇੱਕਲਿਆਂ ਸਫਰ ਨਹੀਂ ਕਰਦਾ, ਕੋਈ ਵੀ ਆਗੂ ਇੱਕਲਿਆਂ ਕਿਤੇ ਨਹੀਂ ਜਾਂਦਾ। ਮਹਾਂਮਾਰੀ ਕਾਰਨ ਵੱਡੇ ਵਫਦ ਨਿਊ ਯੌਰਕ ਸੱਦਣੇ ਬਹੁਤ ਮੁਸ਼ਕਲ ਕੰਮ ਹੈ। ਬੈਂਦੀ ਨੇ ਆਖਿਆ ਕਿ ਪਿਛਲੇ 74 ਸਾਲਾਂ ਵਿੱਚ ਅਜਿਹਾ ਨਹੀਂ ਹੋਇਆ ਪਰ ਅਸੀਂ ਇਸ ਵਾਰੀ ਉਨ੍ਹਾਂ ਨੂੰ ਵਿਅਕਤੀਗਤ ਤੌਰ ਉੱਤੇ ਨਹੀਂ ਸੱਦ ਸਕਾਂਗੇ। ਪਰ ਜਲਦ ਹੀ ਅਸੀਂ ਸਾਰੇ ਮੁੜ ਇੱਕਠੇ ਹੋਵਾਂਗੇ।

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਨਟੋਨੀਓ ਗੁਤੈਰੇਸ ਨੇ ਪਿਛਲੇ ਮਹੀਨੇ ਇਹ ਸਿਫਾਰਿਸ਼ ਕੀਤੀ ਸੀ ਕਿ ਮਹਾਂਮਾਰੀ ਕਾਰਨ ਸੰਯੁਕਤ ਰਾਸ਼ਟਰ ਦੀ 75ਵੀਂ ਵਰ੍ਹੇਗੰਢ ਮਨਾਉਣ ਲਈ ਵਿਸ਼ਵ ਆਗੂਆਂ ਦਾ ਇੱਕਠ ਨਾ ਕੀਤਾ ਜਾਵੇ। ਬੈਂਦੀ ਨੇ ਆਖਿਆ ਕਿ ਸਤੰਬਰ ਦੇ ਅੰਤ ਤੱਕ ਹੋ ਸਕਦਾ ਹੈ ਕਿ ਸੌ ਤੋਂ ਵੱਧ ਲੋਕਾਂ ਨੂੰ ਜਨਰਲ ਅਸੈਂਬਲੀ ਚੇਂਬਰਜ਼ ਵਿੱਚ ਇੱਕਠੇ ਹੋਣ ਦੀ ਇਜਾਜ਼ਤ ਮਿਲ ਜਾਵੇ।

# ਸੁਖਾਲਾ ਨਹੀਂ ਹੋਵੇਗਾ ਟੋਰਾਂਟੋ ਦੇ ਅਗਲੇ ਪੁਲਿਸ ਚੀਫ ਦੀ ਭਾਲ ਦਾ ਕੰਮ



ਟੋਰਾਂਟੋ, 11 ਜੂਨ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਸਰਵਿਸਿਜ਼ ਬੋਰਡ ਵੱਲੋਂ ਆਪਣੇ ਨਵੇਂ ਪੁਲਿਸ ਚੀਫ ਦੀ ਭਾਲ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਟੋਰਾਂਟੋ ਪੁਲਿਸ ਸਰਵਿਸਿਜ਼ ਬੋਰਡ ਦੇ ਮੈਂਬਰਾਂ ਨੂੰ ਅਜਿਹਾ ਲੀਡਰ ਲੱਭਣ ਵਿੱਚ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਹੋਵੇਗਾ ਜਿਹੜਾ ਬਜਟ ਕਟੌਤੀਆਂ ਵਿੱਚ ਉਨ੍ਹਾਂ ਨੂੰ ਸਹੀ ਸੇਧ ਦੇਣ ਦੇ ਨਾਲ ਨਾਲ ਸ਼ਹਿਰ ਦੀਆਂ ਹਾਸ਼ੀਏ ਉੱਤੇ ਰਹਿਣ ਵਾਲੀਆਂ ਕਮਿਊਨਿਟੀਜ਼ ਨਾਲ ਸਬੰਧਾਂ ਨੂੰ ਸੁਧਾਰ ਸਕੇ।

ਚੀਫ ਮਾਰਕ ਸਾਂਡਰਸ ਵੱਲੋਂ ਅਚਾਨਕ ਆਪਣੀ ਰਿਟਾਇਰਮੈਂਟ ਦਾ ਐਲਾਨ ਕਰਨ ਤੋਂ ਇੱਕ ਦਿਨ ਬਾਅਦ ਦਿੱਤੀ ਇੱਕ ਇੰਟਰਵਿਊ ਵਿੱਚ ਬੋਰਡ ਦੇ ਚੇਅਰ ਜਿੰਮ ਹਾਰਟ ਨੇ ਆਖਿਆ ਕਿ ਉਨ੍ਹਾਂ ਨੂੰ ਅਜਿਹਾ ਲੱਗਦਾ ਹੈ ਕਿ ਕਿਸੇ ਵੀ ਉਮੀਦਵਾਰ ਦੀ ਚੋਣ ਕਰਨ ਤੋਂ ਪਹਿਲਾਂ ਅਜੇ ਕਈ ਮਹੀਨਿਆਂ ਦਾ ਸਮਾਂ ਲੱਗ ਸਕਦਾ ਹੈ। ਇਸ ਦੌਰਾਨ ਕਿਸੇ ਕਾਰਜਕਾਰੀ ਚੀਫ ਦੀ ਨਿਯੁਕਤੀ ਕੀਤੀ ਜਾਵੇਗੀ।

ਹਾਰਟ ਨੇ ਆਖਿਆ ਕਿ ਚੀਫ ਦੀ ਭਾਲ ਦਾ ਕੰਮ ਲੰਮਾਂ ਚੱਲ ਸਕਦਾ ਹੈ। ਉਨ੍ਹਾਂ ਆਖਿਆ ਕਿ ਉਹ ਇਹ ਨਹੀਂ ਕਹਿ ਰਹੇ ਕਿ ਕੋਈ ਅੰਦਰੂਨੀ ਉਮੀਦਵਾਰ ਇਸ ਅਹੁਦੇ ਦਾ ਹੱਕਦਾਰ ਨਹੀਂ ਹੋ ਸਕਦਾ ਪਰ ਐਨੇ ਵੱਡੇ ਅਹੁਦੇ ਲਈ ਅਸੀਂ ਵਿਆਪਕ ਪੱਧਰ ਉੱਤੇ ਭਾਲ ਕਰਾਂਗੇ। ਟੋਰਾਂਟੋ ਉਸ ਸਮੇਂ ਆਪਣੇ ਚੀਫ ਸਾਂਡਰਸ ਦੀ ਲੀਡਰਸ਼ਿਪ ਤੋਂ ਹੱਥ ਧੁਆ ਰਿਹਾ ਹੈ ਜਦੋਂ ਪੁਲਿਸ ਖਿਲਾਫ ਪੂਰੇ ਨੌਰਥ ਅਮਰੀਕਾ ਵਿੱਚ ਮੁਜ਼ਾਹਰੇ ਚੱਲ ਰਹੇ ਹਨ। ਲੋਕਾਂ ਵੱਲੋਂ ਪੁਲਿਸ ਬਜਟ ਵਿੱਚ ਕਟੌਤੀਆਂ ਦੀ ਮੰਗ ਕੀਤੀ ਜਾ ਰਹੀ ਹੈ।

ਕਈ ਦਹਾਕਿਆਂ ਤੋਂ 2015 ਤੱਕ ਟੋਰਾਂਟੋ ਪੁਲਿਸ ਬੋਰਡ ਵਿੱਚ ਰਹੇ ਅਲੋਕ ਮੁਖਰਜੀ ਦਾ ਕਹਿਣਾ ਹੈ ਕਿ ਮੌਜੂਦਾ ਬੋਰਡ ਲਈ ਚੀਫ ਦਾ ਇਸ ਤਰ੍ਹਾਂ ਜਾਣਾ ਵੱਡੀ ਚੁਣੌਤੀ ਪੈਦਾ ਕਰਦਾ ਹੈ। ਨਵੇਂ ਚੀਫ ਵਜੋਂ ਆਉਣ ਵਾਲੇ ਸ਼ਖਸ ਦੇ ਸੁਭਾਅ ਵਿੱਚ ਨਰਮੀ, ਸਿਆਸੀ ਸੰਵੇਦਨਸ਼ੀਲਤਾ ਤੇ ਕਮਿਊਨਿਟੀ ਨੂੰ ਪੁਲਿਸ ਸਰਵਿਸ ਤੋਂ ਦੂਰ ਕਰਨ ਵਾਲੇ ਮੁੱਦਿਆਂ ਦੀ ਸਮਝ ਹੋਣਾ ਬਹੁਤ ਜ਼ਰੂਰੀ ਹੋਵੇਗਾ।

# ਕਾਉਂਸਲਰ ਮਾਈਕਲ ਫੋਰਡ ਦਾ ਕੋਵਿਡ-19 ਟੈਸਟ ਆਇਆ ਪਾਜ਼ੀਟਿਵ



ਟੋਰਾਂਟੋ, 11 ਜੂਨ (ਪੋਸਟ ਬਿਊਰੋ) : ਟੋਰਾਂਟੋ ਸਿਟੀ ਕਾਉਂਸਲਰ ਅਤੇ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਭਤੀਜੇ ਮਾਈਕਲ ਫੋਰਡ ਦਾ ਵੀ ਕੋਵਿਡ-19 ਟੈਸਟ ਪਾਜ਼ੀਟਿਵ ਆਇਆ ਹੈ।

ਇੱਕ ਬਿਆਨ ਵਿੱਚ ਕਾਉਂਸਲਰ, ਜੋ ਕਿ ਵਾਰਡ ਨੰ.1 ਦੀ ਨੁਮਾਇੰਦਗੀ ਕਰਦੇ ਹਨ, ਨੇ ਆਖਿਆ ਕਿ ਉਨ੍ਹਾਂ ਨੂੰ ਕੋਵਿਡ-19 ਪਾਜ਼ੀਟਿਵ ਹੋਣ ਬਾਰੇ ਮੰਗਲਵਾਰ ਸਵੇਰੇ ਪਤਾ ਲੱਗਿਆ। ਉਨ੍ਹਾਂ ਆਖਿਆ ਕਿ ਉਹ ਖੁਦ ਨੂੰ ਅਗਲੇ 14 ਦਿਨਾਂ ਲਈ ਸੈਲਫ ਆਈਸੋਲੇਟ ਕਰ ਰਹੇ ਹਨ। ਉਹ ਸਿਟੀ ਦੇ ਕੰਮ ਕਾਜ ਅਤੇ ਕਮੇਟੀ ਦੀਆਂ ਮੀਟਿੰਗਾਂ ਵਿੱਚ ਘਰ ਤੋਂ ਹੀ ਕੰਮ ਕਰਦਿਆਂ ਹੋਇਆਂ ਹਿੱਸਾ ਲੈਣਗੇ। ਉਨ੍ਹਾਂ ਆਖਿਆ ਕਿ ਉਹ ਇਟੋਬੀਕੋ ਨੌਰਥ ਦੇ ਵਾਸੀਆਂ ਦੀ ਸੇਵਾ ਕਰਨਾ ਜਾਰੀ ਰੱਖਣਗੇ।

ਮਾਈਕਲ ਫੋਰਡ ਨੇ ਆਖਿਆ ਕਿ ਉਹ ਠੀਕ ਮਹਿਸੂਸ ਕਰ ਰਹੇ ਹਨ ਅਤੇ ਉਹ ਲਗਾਤਾਰ ਟੋਰਾਂਟੋ ਪਬਲਿਕ ਹੈਲਥ ਦੇ ਸੰਪਰਕ ਵਿੱਚ ਰਹਿਣਗੇ। ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਾਉਂਸਲਰ ਦਾ ਕੋਵਿਡ-19 ਸਬੰਧੀ ਟੈਸਟ ਕਦੋਂ ਕੀਤਾ ਗਿਆ ਸੀ ਤੇ ਉਹ ਕਦੋਂ ਤੋਂ ਖੁਦ ਨੂੰ ਸੈਲਫ ਆਈਸੋਲੇਟ ਕਰੀ ਬੈਠੇ ਹਨ। ਪ੍ਰੀਮੀਅਰ ਦੇ ਆਫਿਸ ਦੇ ਬੁਲਾਰੇ ਨੇ ਆਖਿਆ ਕਿ ਡੱਗ ਫੋਰਡ ਨੂੰ ਪਿਛਲੇ ਦੋ ਹਫਤਿਆਂ ਤੋਂ ਆਪਣੇ ਭਤੀਜੇ ਨਾਲ ਨਿਜੀ ਤੌਰ ਉੱਤੇ ਮਿਲਦਿਆਂ ਜਾਂ ਗੱਲਬਾਤ ਕਰਦਿਆਂ ਨਹੀਂ ਵੇਖਿਆ ਗਿਆ। ਇਸ ਲਈ ਉਨ੍ਹਾਂ ਦੀ ਨਿਜੀ ਸਿਹਤ ਸਬੰਧੀ ਕੋਈ ਚਿੰਤਾ ਨਹੀਂ ਹੈ।


## ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ। ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384





## ਕਾਮਿਆਂ ਦੀ ਲੋੜ

ਨਰਸਰੀ ਵਿੱਚ ਕੰਮ ਕਰਨ ਲਈ ਬੰਦਿਆਂ ਦੀ ਲੋੜ ਹੈ। ਰੋਜਾਨਾ ਕੰਮ ਅਤੇ ਚੰਗੀ ਪੇਅ ਦਿੱਤੀ ਜਾਵੇਗੀ।
ਰਾਈਡ ਦੀ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
647-764-3637



## ਹੈਲਪਰ ਦੀ ਲੋੜ ਹੈ

Construction Company
FULL TIME WORK
416-618-3358 | 905-789-7783




## ਲੜਕੀ ਦੀ ਲੋੜ

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 I

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉੱਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਕੱਦ 5'5'', ਉਮਰ 29 ਸਾਲ, ਐਮ.ਏ, ਬੀ.ਐਡ, ਕੈਨੇਡੀਅਨ ਪੀ.ਆਰ. ਲਈ, ਚੰਗੀ ਨੌਕਰੀ ਵਾਲੇ, ਪੜ੍ਹੇ ਲਿਖੇ ਤੇ ਵੈਲ ਸੈਟਲਡ ਲੜਕੇ ਦੀ ਲੋੜ ਹੈ। ਵਰਕ ਪਰਮਿਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਟੋਰਾਂਟੋ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 437-233-7609

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿੱਖ ਪਰਿਵਾਰ, ਉੱਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿੱਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।
ਸੰਪਰਕ ਕਰੋ : 437-233-7609 I
ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

ਰਾਮਗੜ੍ਹੀਆ ਲੜਕੀ, 1986 ਦਾ ਜਨਮ, ਕੱਦ 5'2'', ਗੋਰਾ ਰੰਗ, ਯੋਗਤਾ ਐਮ.ਸੀ.ਏ., ਕੈਨੇਡੀਅਨ ਇਮੀਗ੍ਰਾਂਟ, ਆਈ.ਟੀ. ਕੰਪਨੀ ਟੋਰਾਂਟੋ ਵਿੱਚ ਪ੍ਰੋਫੈਸ਼ਨਲ ਅਤੇ ਚੰਗੀ ਪੋਸਟ 'ਤੇ ਜੌਬ ਕਰ ਰਹੀ, ਲਈ ਪੜ੍ਹੇ ਲਿਖੇ ਅਤੇ ਯੋਗ ਵਰ ਦੀ ਲੋੜ ਹੈ। ਲੜਕੀ ਦੀਆਂ ਦੋ ਭੈਣਾਂ, ਇੱਕ ਯੂ.ਕੇ. ਅਤੇ ਦੂਜੀ ਇੰਡੀਆ ਵਿੱਚ ਵੈਲ ਸੈਟਲਡ ਹਨ। ਕਿਰਪਾ ਕਰਕੇ ਲੜਕਾ ਆਪਣਾ ਅਤੇ ਆਪਣੇ ਪਰਿਵਾਰ ਦਾ ਸਾਰਾ ਵੇਰਵਾ ਆਪਣੀ ਫੋਟੋ ਸਮੇਤ ਭੇਜੇ। Email jeetsjandu@gmail.com ਜਾਂ ਸਾਨੂੰ ਵਟਸਐਪ ਨੰਬਰ ਤੇ ਸੰਪਰਕ ਕਰ ਸਕਦੇ ਹੋ: +919463328029

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

# ਐਮਰਜੰਸੀ ਬਿਲ ਪਾਸ ਕਰਵਾਉਣ ਵਿਚ ਅਸਫਲ ਰਹੀ ਲਿਬਰਲ ਸਰਕਾਰ

## ਵਿਰੋਧੀ ਧਿਰਾਂ ਤੋਂ ਨਹੀਂ ਹਾਸਲ ਹੋਇਆ ਸਮਰਥਨ



ਓਟਵਾ, 11 ਜੂਨ (ਪੋਸਟ ਬਿਊਰੋ) : ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਦੀ ਐਮਰਜੰਸੀ ਸਿਟਿੰਗ 12 ਮਿੰਟ ਦੇ ਅੰਦਰ ਹੀ ਖ਼ਤਮ ਹੋ ਗਈ ਤੇ ਸਰਕਾਰ ਆਪਣੇ ਤਾਜ਼ਾ ਕੋਵਿਡ-19 ਐਮਰਜੰਸੀ ਸਹਾਇਤਾ ਬਿੱਲ ਲਈ ਵਿਰੋਧੀ ਧਿਰਾਂ ਤੋਂ ਸਮਰਥਨ ਹਾਸਲ ਨਹੀਂ ਕਰ ਸਕੀ।

ਇਸ ਬਿੱਲ ਰਾਹੀਂ ਕੈਨੇਡਾ ਦੇ ਐਮਰਜੰਸੀ ਬੈਨੇਫਿਟ ਪ੍ਰੋਗਰਾਮ ਵਿੱਚ ਕਈ ਤਬਦੀਲੀਆਂ ਕੀਤੇ ਜਾਣ ਦਾ ਪ੍ਰਸਤਾਵ ਸੀ, ਜਿਨ੍ਹਾਂ ਵਿੱਚ ਸੀਈਆਰਬੀ ਲਈ ਝੂਠੇ ਦਾਅਵੇ ਕਰਨ ਵਾਲਿਆਂ ਨੂੰ ਸਖ਼ਤ ਜੁਰਮਾਨੇ ਤੇ ਸਜ਼ਾ ਦੇਣ ਦਾ ਪ੍ਰਬੰਧ ਵੀ ਸੀ। ਬਿੱਲ ਸੀ-17 ਪੇਸ਼ ਕਰਨ ਤੋਂ ਬਾਅਦ ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਵੱਲੋਂ ਇਸ ਨੂੰ ਤੇਜ਼ੀ ਨਾਲ ਪਾਸ ਕਰਨ ਲਈ ਸਰਬਸੰਮਤੀ ਦੀ ਉਮੀਦ ਕੀਤੀ ਜਾ ਰਹੀ ਸੀ ਪਰ ਅਜਿਹਾ ਹੋ ਨਹੀਂ ਸਕਿਆ।

ਵਿਰੋਧੀ ਧਿਰ ਵੱਲੋਂ ਇਸ ਆਈਡੀਆ ਨੂੰ ਹੀ ਰੱਦ ਕਰ ਦਿੱਤਾ ਗਿਆ। ਫਿਰ ਰੌਡਰਿਗਜ਼ ਵੱਲੋਂ ਬਿੱਲ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਅਪਾਹਜ ਕੈਨੇਡੀਅਨਾਂ ਨੂੰ 600 ਡਾਲਰ ਦੀ ਮਦਦ ਮੁਹੱਈਆ ਕਰਵਾਉਣ ਵਾਲੇ ਹਿੱਸੇ ਨੂੰ ਮਨਜ਼ੂਰੀ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਹ ਇਸ ਵਿੱਚ ਵੀ ਅਸਫਲ ਰਹੇ।

ਫਿਰ ਵਿਰੋਧੀ ਧਿਰ ਵੱਲੋਂ ਹਾਊਸ ਦੀ ਕਾਰਵਾਈ ਸਸਪੈਂਡ ਕਰਵਾ ਕੇ ਨਿਯਮਿਤ ਸਿਟਿੰਗਜ਼ ਸ਼ੁਰੂ ਕਰਵਾਉਣ ਦੀ ਕੋਸ਼ਿਸ਼ ਵੀ ਨਾਕਾਮਯਾਬ ਰਹੀ ਤੇ ਇਸ ਤੋਂ ਬਾਅਦ ਹਾਊਸ ਦੀ ਕਾਰਵਾਈ ਮੁਲਤਵੀ ਕਰ ਦਿੱਤੀ ਗਈ। ਹੁਣ ਹਾਊਸ ਆਫ ਕਾਮਨਜ਼ ਦੀ ਅਗਲੀ ਸਿਟਿੰਗ ਇੱਕ ਹਫਤੇ ਬਾਅਦ ਹੋਵੇਗੀ। ਇਸ ਤੋਂ ਭਾਵ ਇਹ ਹੈ ਕਿ ਪ੍ਰਸਤਾਵਿਤ ਮਾਪਦੰਡ ਇੱਕ ਹੋਰ ਹਫਤੇ ਤੱਕ ਲਾਗੂ ਨਹੀਂ ਹੋਣਗੇ।

# ਲਿਚੇ ਦਾ ਕੋਵਿਡ-19 ਟੈਸਟ ਆਇਆ ਨੈਗੇਟਿਵ

## ਪ੍ਰੀਮੀਅਰ ਫੋਰਡ ਦਾ ਵੀ ਕਰਵਾਇਆ ਜਾਵੇਗਾ ਕੋਵਿਡ-19 ਟੈਸਟ



ਓਨਟਾਰੀਓ, 11 ਜੂਨ (ਪੋਸਟ ਬਿਊਰੋ) : ਸਿੱਖਿਆ ਮੰਤਰੀ ਸਟੀਫਨ ਲਿਚੇ ਦੇ ਕੋਵਿਡ-19 ਪਾਜ਼ੀਟਿਵ ਸ਼ਖਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦਾ ਕਰੋਨਾਵਾਇਰਸ ਸਬੰਧੀ ਟੈਸਟ ਕਰਵਾਇਆ ਗਿਆ ਸੀ ਜੋ ਕਿ ਨੈਗੇਟਿਵ ਆਇਆ ਦੱਸਿਆ ਜਾਂਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦਾ ਅੱਜ ਕੋਵਿਡ-19 ਟੈਸਟ ਕੀਤਾ ਜਾਵੇਗਾ। ਸਿੱਖਿਆ ਮੰਤਰੀ ਸਟੀਫਨ ਲਿਚੇ ਦੇ ਕੋਵਿਡ-19 ਪਾਜ਼ੀਟਿਵ ਵਿਅਕਤੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਇਹ ਜਾਣਕਾਰੀ ਸਰਕਾਰੀ ਬੁਲਾਰੇ ਨੇ ਦਿੱਤੀ।ਇਸ ਦੌਰਾਨ ਪ੍ਰੀਮੀਅਰ ਤੇ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ, ਜੋ ਕਿ ਮੰਗਲਵਾਰ ਦੀ ਨਿਊਜ਼ ਕਾਨਫਰੰਸ ਵਿੱਚ ਲਿਚੇ ਦੇ ਨਾਲ ਮੌਜੂਦ ਸਨ, ਦਾ ਵੀ ਕੋਵਿਡ-19 ਟੈਸਟ ਹੋਵੇਗਾ।

ਸਰਕਾਰੀ ਬੁਲਾਰੇ ਨੇ ਦੱਸਿਆ ਕਿ ਦੋਵਾਂ ਵਿੱਚ ਮੌਜੂਦ ਕਿਸੇ ਕਿਸਮ ਦੇ ਵੀ ਲੱਛਣਾਂ ਦਾ ਧਿਆਨ ਰੱਖਿਆ ਜਾਵੇਗਾ ਤੇ ਲੋੜ ਪੈਣ ਉੱਤੇ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਪ੍ਰੀਮੀਅਰ ਦੇ ਆਫਿਸ ਨੇ ਆਖਿਆ ਕਿ ਇੱਕ ਵਾਰੀ ਟੈਸਟ ਦੇ ਨਤੀਜੇ ਆਉਣ ਤੋਂ ਬਾਅਦ ਜਨਤਾ ਨੂੰ ਜਾਣੂ ਕਰਵਾ ਦਿੱਤਾ ਜਾਵੇਗਾ।

# ਕਿਸਾਨਾਂ ਤੋਂ ਵਾਧੂ ਅਨਾਜ ਖਰੀਦ ਕੇ ਫੂਡ ਬੈਂਕਸ ਤੇ ਕਮਿਊਨਿਟੀਜ਼ ਨੂੰ ਦੇਣ ਦਾ ਪ੍ਰੋਗਰਾਮ ਜਲਦ ਲਿਆਵਾਂਗੇ : ਬਿਬਿਊ



ਓਟਵਾ, 11 ਜੂਨ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕਿਸਾਨਾਂ ਤੋਂ ਵਾਧੂ ਅਨਾਜ ਨੂੰ ਖਰੀਦ ਕੇ ਫੂਡ ਬੈਂਕਸ ਅਤੇ ਹੋਰਨਾਂ ਕਮਿਊਨਿਟੀ ਗਰੁੱਪਸ ਵਿੱਚ ਵੰਡਣ ਸਬੰਧੀ ਪ੍ਰੋਗਰਾਮ ਜਲਦ ਹੀ ਆ ਰਿਹਾ ਹੈ। ਇਹ ਵਾਅਦਾ ਮੰਗਲਵਾਰ ਨੂੰ ਖੇਤੀਬਾੜੀ ਮੰਤਰੀ ਮੈਰੀ ਕਲੌਡੇ ਬਿਬਿਊ ਨੇ ਕੀਤਾ।

ਸਰਕਾਰ ਵੱਲੋਂ 50 ਮਿਲੀਅਨ ਡਾਲਰ ਦੀ ਇਸ ਯੋਜਨਾ ਦਾ ਐਲਾਨ ਇੱਕ ਮਹੀਨੇ ਪਹਿਲਾਂ ਕੀਤਾ ਗਿਆ ਸੀ। ਇਹ ਸੱਭ ਕੋਵਿਡ-19 ਮਹਾਂਮਾਰੀ ਤੋਂ ਖੇਤੀਬਾੜੀ ਇੰਡਸਟਰੀ ਨੂੰ ਬਚਾਉਣ ਵਿੱਚ ਮਦਦ ਕਰਨ ਲਈ ਕੀਤਾ ਗਿਆ ਸੀ। ਮਹਾਂਮਾਰੀ ਸਬੰਧੀ ਪਾਬੰਦੀਆਂ ਦੇ ਚੱਲਦਿਆਂ ਰੈਸਟੋਰੈਂਟਸ ਆਦਿ ਦੇ ਬੰਦ ਹੋ ਜਾਣ ਕਾਰਨ ਕਿਸਾਨਾਂ ਕੋਲ ਉਤਪਾਦ ਭਾਰੀ ਮਾਤਰਾ ਵਿੱਚ ਬਚ ਗਿਆ। ਇਸ ਤੋਂ ਭਾਵ ਇਹ ਹੋਇਆ ਕਿ ਖਪਤਕਾਰਾਂ ਨਾਲੋਂ ਅਨਾਜ ਜ਼ਿਆਦਾ ਮਾਤਰਾ ਵਿੱਚ ਬਚਿਆ ਰਹਿ ਗਿਆ।

ਨਤੀਜਤਨ ਆਲੂਆਂ ਦੇ ਢੇਰ ਲੱਗ ਗਏ ਤੇ ਉਹ ਗੋਦਾਮਾਂ ਵਿੱਚ ਪਏ ਸੜ ਰਹੇ ਹਨ, ਦੁੱਧ ਨੂੰ ਡਰੇਨ ਕਰਨਾ ਪੈ ਰਿਹਾ ਹੈ ਤੇ ਪ੍ਰੋਸੈਸਰਜ਼ ਲਈ ਜਾਨਵਰ ਤੇ ਸੂਰ ਆਦਿ ਸਾਂਭਣਾ ਮੁਸ਼ਕਲ ਹੋਇਆ ਪਿਆ ਹੈ। ਇਸ ਦੇ ਨਾਲ ਹੀ ਬਹੁਤ ਸਾਰੇ ਕੈਨੇਡੀਅਨਾਂ ਦੇ ਬੇਰੋਜ਼ਗਾਰ ਹੋਣ ਨਾਲ ਫੂਡ ਬੈਂਕਸ ਤੇ ਕਮਿਊਨਿਟੀ ਗਰੁੱਪਜ਼ ਵਿੱਚ ਇਨ੍ਹਾਂ ਚੀਜ਼ਾਂ ਦੀ ਮੰਗ ਅਚਾਨਕ ਵੱਧ ਗਈ। ਬਿਬਿਊ ਨੇ ਆਖਿਆ ਕਿ ਫੂਡ ਦੀ ਵਾਧੂ ਸਪਲਾਈ ਦਾ ਵਧੀ ਹੋਈ ਮੰਗ ਨਾਲ ਕਿਸ ਤਰ੍ਹਾਂ ਤਾਲਮੇਲ ਬਿਠਾਉਣਾ ਹੈ ਇਸ ਬਾਰੇ ਕੰਮ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਦੇ ਮਾਪਦੰਡਾਂ ਤੋਂ ਸਾਰਿਆਂ ਨੂੰ ਜਾਣੂ ਕਰਵਾਉਣ ਵਿੱਚ ਬੱਸ ਹੁਣ ਕੁੱਝ ਦਿਨ ਹੀ ਲੱਗਣਗੇ।

# ਪੁਲਿਸ ਨੂੰ ਫੰਡ ਦੇਣੇ ਬੰਦ ਕਰਨ ਦੀ ਮੰਗ ਕੈਨੇਡਾ ਵਿੱਚ ਹਾਸਲ ਕਰ ਰਹੀ ਹੈ ਮਕਬੂਲੀਅਤ

ਟੋਰਾਂਟੋ, 11 ਜੂਨ (ਪੋਸਟ ਬਿਊਰੋ) : ਦਹਾਕਿਆਂ ਤੋਂ ਚੱਲੀ ਆ ਰਹੀ ਪੁਲਿਸ ਸੁਧਾਰਾਂ ਦੀ ਮੰਗ ਅਸਫਲ ਰਹਿਣ ਤੋਂ ਬਾਅਦ ਨਸਲਵਾਦ ਦਾ ਵਿਰੋਧ ਕਰ ਰਹੇ ਕੈਨੇਡੀਅਨ ਮੁਜ਼ਾਹਰਾਕਾਰੀਆਂ ਨੇ ਹੁਣ ਪੁਲਿਸ ਨੂੰ ਫੰਡ ਦੇਣੇ ਬੰਦ ਕਰਨ ਦੀ ਮੰਗ ਕਰਨੀ ਸ਼ੁਰੂ ਕੀਤੀ ਹੈ। ਸਮਾਜ ਸੇਵਕਾਂ ਦਾ ਵੀ ਇਹੋ ਕਹਿਣਾ ਹੈ ਕਿ ਜੇ ਅਸੀਂ ਇਸ ਮਾਮਲੇ ਵਿੱਚ ਤਬਦੀਲੀ ਲੈ ਕੇ ਆਉਣੀ ਚਾਹੁੰਦੇ ਹਾਂ ਤਾਂ ਦੇਸ਼ ਦੀ ਪੁਲਿਸ ਨੂੰ ਮੁਹੱਈਆ ਕਰਵਾਏ ਜਾਣ ਵਾਲੇ ਫੰਡ ਨੂੰ ਖਤਮ ਕਰਨਾ ਹੋਵੇਗਾ। ਇਸ ਨਾਲ ਪੁਲਿਸ ਦੀ ਸ਼ਮੂਲੀਅਤ ਵਾਲੀਆ ਮੌਤਾਂ, ਜਿਵੇਂ ਕਿ ਮਿਨੀਸੋਟਾ ਦੇ ਵਿਅਕਤੀ ਜਾਰਜ ਫਲੌਇਡ ਤੇ ਟੋਰਾਂਟੋ ਦੀ ਮਹਿਲਾ ਰੇਜਿਸ ਕੋਰਚਿੰਸਕੀ ਪੈਕੁਏ, ਦੇ ਅੰਕੜੇ ਵਿੱਚ ਕਮੀ ਆਵੇਗੀ।

ਸਟੈਟੇਸਟਿਕਸ ਕੈਨੇਡਾ ਅਨੁਸਾਰ 2017-18 ਵਿੱਚ ਕੈਨੇਡਾ ਵਿੱਚ ਪੁਲਿਸ ਵਿਭਾਗ ਉੱਤੇ 15 ਬਿਲੀਅਨ ਡਾਲਰ ਤੋਂ ਵੀ ਵੱਧ ਖਰਚ ਕੀਤੇ ਗਏ। ਇਹ ਅੰਕੜਾ ਇੱਕ ਸਾਲ ਪਹਿਲਾਂ ਨਾਲੋਂ ਵੀ ਜ਼ਿਆਦਾ ਸੀ। ਕੈਨੇਡਾ ਦੇ ਕੁੱਝ ਹਿੱਸਿਆਂ ਵਿੱਚ ਪੁਲਿਸ ਨੂੰ ਫੰਡ ਦੇਣੇ ਬੰਦ ਕਰਨ ਦੀ ਮੰਗ ਮਕਬੂਲੀਅਤ ਹਾਸਲ ਕਰਦੀ ਜਾ ਰਹੀ ਹੈ। ਟੋਰਾਂਟੋ ਵਿੱਚ, ਜਿੱਥੇ ਹਰ ਵਿਅਕਤੀ ਦੇ ਪ੍ਰਾਪਰਟੀ ਟੈਕਸ ਦਾ ਲੱਗਭਗ ਇੱਕ ਚੌਥਾਈ ਹਿੱਸਾ ਪੁਲਿਸ ਫੰਡ ਲਈ ਜਾਂਦਾ ਹੈ, ਦੋ ਸਿਟੀ ਕਾਊਂਸਲਰਜ਼ ਨੇ ਸੋਮਵਾਰ ਨੂੰ ਸਿਟੀ ਪੁਲਿਸ ਦੇ ਬਜਟ ਵਿੱਚ 10 ਫੀ ਸਦੀ ਕਟੌਤੀ ਕਰਨ ਲਈ ਮਤਾ ਪੇਸ਼ ਕੀਤਾ।

ਇੱਥੇ ਹੀ ਬੱਸ ਨਹੀਂ ਦੇਸ਼ ਦੇ ਹੋਰਨਾਂ ਹਿੱਸਿਆਂ ਵਿੱਚ, ਜਿਵੇਂ ਸਸਕੈਚਵਨ ਤੋਂ ਓਨਟਾਰੀਓ ਤੱਕ, ਵੀ ਹਜ਼ਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਪੁਲਿਸ ਨੂੰ ਦਿੱਤੇ ਜਾਣ ਵਾਲੇ ਫੰਡਾਂ ਨੂੰ ਬੰਦ ਕਰਨ ਦੇ ਸਬੰਧ ਵਿੱਚ ਪਟੀਸਨਾਂ ਉੱਤੇ ਸਾਈਨ ਕੀਤੇ। ਆਰਸੀਐਮਪੀ ਦੇ ਫੰਡਾਂ ਵਿੱਚ ਕਟੌਤੀ ਬਾਰੇ ਜਦੋਂ ਪ੍ਰਧਾਨ ਮੰਤਰੀ ਤੋਂ ਉਨ੍ਹਾਂ ਦੀ ਰਾਇ ਪੁੱਛੀ ਗਈ ਤਾਂ ਉਹ ਵੀ ਦੇਸ਼ ਵਿੱਚ ਬਣ ਰਹੀ ਇਸ ਹਵਾ ਤੋਂ ਇਨਕਾਰ ਨਹੀਂ ਕਰ ਸਕੇ। ਟਰੂਡੋ ਨੇ ਆਖਿਆ ਕਿ ਦੇਸ਼ ਨੂੰ ਬਿਹਤਰ ਬਣਾਉਣ ਲਈ ਕਈ ਰਾਹ ਹਨ ਤੇ ਸਾਨੂੰ ਇਨ੍ਹਾਂ ਬਾਰੇ ਹੋਰ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ।


jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011



CALL TODAY FOR ANY CLASSIFIED OR MATRIMONIAL AD !!!
905-793-2202



ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ



ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)



GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner



A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton



Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6



ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1



HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com




PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs



(905)793-2202
You can Place Your Business Here
To Reach Wider Audience

# ਫਿਲਮੀ ਦੁਨੀਆਂ

## ਕਬੀਰ ਹੀ ਦੇਖ ਰਹੇ ਹਨ ‘83’ ਦਾ ਪੋਸਟ ਪ੍ਰੋਡਕਸ਼ਨ





ਇਨ੍ਹੀਂ ਦਿਨੀਂ ਇੱਕ ਅਫਵਾਹ ਚੱਲੀ ਹੈ ਕਿ ਰਿਲਾਇੰਸ ਇੰਟਰਟੇਨਮੈਂਟ ਗਰੁੱਪ ਦੇ ਸੀ ਈ ਓ ਸ਼ਿਬਾਸ਼ੀਸ਼ ਸਰਕਾਰ ਦੇ ਕੋਵਿਡ 19 ਪਾਜ਼ੀਟਿਵ ਪਾਏ ਜਾਣ ਦੇ ਕਾਰਨ ਦੀਪਿਕਾ ਪਾਦੁਕੋਣ ਫਿਲਮ ‘83' ਦਾ ਬਤੌਰ ਨਿਰਮਾਤਾ ਪੋਸਟ ਪ੍ਰੋਡਕਸ਼ਨ ਦੇਖੇਗੀ। ਇਨ੍ਹਾਂ ਅਫਵਾਹਾਂ ਨੂੰ ਰੱਦ ਕਰਦੇ ਹੋਏ ‘83’ ਟੀਮ ਨਾਲ ਜੁੜੇ ਇੱਕ ਕਰੀਬੀ ਨੇ ਕਿਹਾ ਕਿ ਕੋਵਿਡ 19 ਦੇ ਸਮੇਂ ਵਿੱਚ ਸਾਨੂੰ ਸਾਰਿਆਂ ਨੂੰ ਇੱਕ ਦੂਸਰੇ ਦੀ ਚੰਗੀ ਸਿਹਤ ਦੀ ਕਾਮਨਾ ਕਰਨੀ ਚਾਹੀਦੀ ਹੈ। ਇਹ ਮਨਘੜਤ ਕਹਾਣੀ ਹੈ। ਦੀਪਿਕਾ ਪਾਦੁਕੋਣ ਸਹਿ ਨਿਰਮਾਤਾ ਦੇ ਰੂਪ ਵਿੱਚ ‘83’ ਦੇ ਬਾਕੀ ਨਿਰਮਾਤਾਵਾਂ ਵਾਂਗ ਪ੍ਰੋਜੈਕਟ ਦਾ ਹਿੱਸਾ ਹਨ। ਫਿਲਮ ਡਾਇਰੈਕਟਰ ਕਬੀਰ ਖਾਨ ਹਨ। ਉਹ ਹੀ ਪੋਸਟ ਪ੍ਰੋਡਕਸ਼ਨ ਦਾ ਕੰਮ ਦੇਖ ਰਹੇ ਹਨ। ਫਿਲਮ ‘83’ ਸਾਲ 1983 ਵਿੱਚ ਭਾਰਤੀ ਕ੍ਰਿਕਟ ਟੀਮ ਦੇ ਵਿਸ਼ਵ ਵਿਜੇਤਾ ਬਣਨ 'ਤੇ ਆਧਾਰਤ ਹੈ। ਉਸ ਵਿੱਚ ਰਣਵੀਰ ਸਿੰਘ ਕਪਿਲ ਦੇਵ ਦੀ ਭੂਮਿਕਾ ਵਿੱਚ ਹਨ। ਫਿਲਮ ਨੂੰ ਹਿੰਦੀ, ਤਮਿਲ ਅਤੇ ਤੇਲਗੂ ਵਿੱਚ ਰਿਲੀਜ਼ ਕੀਤਾ ਜਾਏਗਾ।

## ਪਰਿਵਾਰਕ ਐਕਸ਼ਨ ਡਰਾਮਾ ਫਿਲਮ ਵਿੱਚ ਮਹੇਸ਼ ਬਾਬੂ ਨਾਲ ਨਜ਼ਰ ਆਏਗੀ ਕਿਆਰਾ

ਇਨ੍ਹੀਂ ਦਿਨੀਂ ਕਿਆਰਾ ਅਡਵਾਨੀ ਦੇ ਸਿਤਾਰੇ ਬੁਲੰਦੀ 'ਤੇ ਹਨ। ਇਸ ਸਾਲ ਉਸ ਦੀਆਂ ਫਿਲਮਾਂ ‘ਲਛਮੀ ਬੰਬ’, ‘ਇੰਦੂ ਕੀ ਜਵਾਨੀ’ ਅਤੇ ਸ਼ੇਰਸ਼ਾਹ’ ਰਿਲੀਜ਼ ਹੋਣ ਵਾਲੀਆਂ ਹਨ। ਚੌਥੀ ਫਿਲਮ ‘ਭੂਲ ਭੁਲੱਈਆਂ 2’ ਦੀ ਸ਼ੂਟਿੰਗ ਥੋੜ੍ਹੀ ਬਾਕੀ ਹੈ। ਇਸ ਦੌਰਾਨ ਕਿਆਰਾ ਨੇ ਇੱਕ ਹੋਰ ਫਿਲਮ ਸਾਈਨ ਕਰ ਲਈ ਹੈ। ਇਹ ਇੱਕ ਤੇਲਗੂ ਫਿਲਮ ਹੈ, ਜਿਸ ਵਿੱਚ ਉਹ ਮਹੇਸ਼ ਬਾਬੂ ਦੇ ਨਾਲ ਨਜ਼ਰ ਆਏਗੀ। ‘ਸਰਕਾਰੂ ਵਾਰੀ ਪਾਟਾ’ ਨਾਂਅ ਦੀ ਫਿਲਮ ਨੂੰ ਤੇਲਗੂ ਫਿਲਮ ਡਾਇਰੈਕਟਰ ਪਰਸ਼ੂਰਾਮ ਨਿਰਦੇਸ਼ਿਤ ਕਰਨਗੇ।

ਇਹ ਫਿਲਮ ਇੱਕ ਵੱਡੇ ਘੋਟਾਲੇ ਬਾਰੇ, ਜਿਸ ਵਿੱਚ ਮਹੇਸ਼ ਬਾਬੂ ਇੱਕ ਵਪਾਰੀ ਦੀ ਭੂਮਿਕਾ ਵਿੱਚ ਆਉਣਗੇ, ਜੋ ਖੁਦ ਨੂੰ ਇਮਾਨਦਾਰ ਦਿਖਾਉਂਦਾ ਹੈ, ਪਰ ਪਰਦੇ ਪਿੱਛੇ ਉਸ ਨੇ ਕਈ ਘੋਟਾਲੇ ਕੀਤੇ ਹਨ। ਇਸ ਫਿਲ ਵਿੱਚ ਕਿਆਰਾ ਦੀ ਭੂਮਿਕਾ ਕਾਫੀ ਮਹੱਤਵ ਪੂਰਨ ਹੈ। ਇਸ ਦੀ ਸਕ੍ਰਿਪਟ ਲਿਖੀ ਜਾ ਚੁੱਕੀ ਹੈ ਅਤੇ ਸ਼ੂਟਿੰਗ ਦੀ ਯੋਜਨਾ ਵੀ ਤਿਆਰ ਹੈ।



## ਰਿਤਿਕ ਨੇ ਦੱਸਿਆ ‘ਜਾਦੂ’ ਦੇ ਵਾਧੂ ਅੰਗੂਠੇ ਦਾ ਰਾਜ਼

ਸੋਸ਼ਲ ਮੀਡੀਆ ਦੇ ਜ਼ਰੀਏ ਸਿਤਾਰਿਆਂ ਨੂੰ ਆਪਣੇ ਪ੍ਰਸ਼ੰਸਕਾਂ ਨਾਲ ਸਿੱਧੀ ਗੱਲਬਾਤ ਕਰਨ ਦਾ ਮੌਕਾ ਮਿਲਦਾ ਹੈ। ਇਸ ਦੌਰਾਨ ਕਈ ਵਾਰ ਪ੍ਰਸ਼ੰਸਕ ਆਪਣੀ ਜਗਿਆਸਾ ਉਨ੍ਹਾਂ ਅੱਗੇ ਰੱਖਦੇ ਹਨ। ਸਿਤਾਰੇ ਵੀ ਉਨ੍ਹਾਂ ਦਾ ਜਵਾਬ ਦਿੰਦੇ ਹਨ। ਫਿਲਮ ‘ਕੋਈ ਮਿਲ ਗਯਾ’ ਬਾਰੇ ਇੱਕ ਯੂਜ਼ਰ ਨੇ ਰਿਤਿਕ ਰੋਸ਼ਨ ਅਤੇ ਉਸ ਦੇ ਪਿਤਾ ਰਾਕੇਸ਼ ਰੋਸ਼ਨ ਨੂੰ ਟੈਗ ਕਰਦੇ ਹੋਏ ਪੁੱਛਿਆ ਕਿ ਟੀ ਵੀ ਉੱਤੇ ‘ਕੋਈ ਮਿਲ ਗਯਾ’ ਦੇਖਦੇ ਸਮੇਂ ਮੈਨੂੰ ਇੱਕ ਅਜੀਬ ਜਿਹੀ ਚੀਜ਼ ਦੇਖਣ ਨੂੰ ਮਿਲੀ। ਕੀ ਰੋਹਿਤ ਮਹਿਰਾ ਦੀ ਤਰ੍ਹਾਂ ਜਾਦੂ ਨੂੰ ਵੀ ਵਾਧੂ ਅੰਗੂਠਾ ਦੇਣਾ ਕਿਸੇ ਮਕਸਦ ਦੇ ਹਿੱਸਾ ਸੀ? ਕੀ ਦੋਵਾਂ ਕਿਰਦਾਰਾਂ ਵਿੱਚ ਲਗਾਅ ਦਾ ਵੱਡਾ ਕਾਰਨ ਸੀ? ਆਪਣੇ ਪ੍ਰਸ਼ੰਸਕ ਦੀ ਜਗਿਆਸਾ ਦਾ ਜਵਾਬ ਦਿੰਦੇ ਹੋਏ ਰਿਤਿਕ ਨੇ ਲਿਖਿਆ, ‘‘ਹਾਂ, ਤਾਂ ਕਿ ਰੋਹਿਤ ਨੂੰ ਜਾਦੂ ਨਾਲ ਆਪ-ਨਾਪਣ ਮਹਿਸੂਸ ਕਰਨ ਦੀ ਆਸਾਨੀ ਹੋਵੇ। ਫਿਲਮ ਵਿੱਚ ਇਹ ਬੜਾ ਛੋਟਾ ਰੱਖਣਾ ਸੀ, ਕਿਉਂਕਿ ਅੰਗੂਠਾ ਓਨਾ ਵਧੀਆ ਨਹੀਂ ਦਿੱਸ ਰਿਹਾ ਸੀ, ਜਿੰਨਾ ਮੈਂ ਚਾਹੁੰਦਾ ਸੀ। ਮੇਰੇ ਦੋਸਤ ਤੁਹਾਡੀਆਂ ਨਜ਼ਰਾਂ ਤੇਜ਼ ਹਨ। ਸੁਰੱਖਿਆ ਰਹੋ।’’

ਸਾਰਿਆਂ ਨੂੰ ਪਤਾ ਹੈ ਕਿ ਰਿਤਿਕ ਦੇ ਸੱਜੇ ਹੱਥ ਵਿੱਚ ਵਾਧੂ ਅੰਗੂਠਾ ਹੈ। ਇਸ ਸਮੇਂ ਰਿਤਿਕ ਆਪਣੇ ਪਾਪਾ ਦੇ ਨਾਲ ‘ਕ੍ਰਿਸ਼’ ਸੀਰੀਜ਼ ਦੀ ਅਗਲੀ ਫਿਲਮ ‘ਕ੍ਰਿਸ਼ 4’ ਉੱਤੇ ਕੰਮ ਕਰ ਰਹੇ ਹਨ। ਰਾਕੇਸ਼ ਰੋਸ਼ਨ ਦੇ ਨਿਰਦੇਸ਼ਨ ਵਾਲੀ ਫਿਲਮ ‘ਕੋਈ ਮਿਲ ਗਯਾ’ ਸਾਲ 2003 ਵਿੱਚ ਰਿਲੀਜ਼ ਹੋਈ ਸੀ। ਇਸ ਫਿਲਮ ਵਿੱਚ ਰਿਤਿਕ ਦੇ ਨਾਲ ਪ੍ਰਿਟੀ ਜ਼ਿੰਟਾ ਅਤੇ ਰੇਖਾ ਮੁੱਖ ਭੂਮਿਕਾ ਵਿੱਚ ਸਨ।



## ਕਰੀਨਾ ਨੇ ਰਣਵੀਰ ਨੂੰ ਵੀ ਕਾਫਤਾਨ ਪਹਿਨਣ ਦਾ ਸੁਝਾਅ ਦਿੱਤਾ






ਲਾਕਡਾਊਨ ਵਿੱਚ ਫਿਲਮੀ ਸਿਤਾਰੇ ਗਲੈਮਰ ਦੀ ਚਕਾਚੌਂਧ ਤੋਂ ਦੂਰ ਆਪਣੇ ਘਰ ਵਿੱਚ ਸਾਦਗੀ ਨਾਲ ਰਹਿ ਰਹੇ ਹਨ। ਕਰੀਨਾ ਕਪੂਰ ਖਾਨ ਘਰ ਵਿੱਚ ਜ਼ਿਆਦਾਤਰ ਕਾਫਤਾਨ (ਵਿਸ਼ੇਸ਼ ਤਰ੍ਹਾਂ ਦੀ ਪੋਸ਼ਾਕ) ਪਹਿਨਦੀ ਹੈ। ਉਸ ਨੇ ਸੋਸ਼ਲ ਮੀਡੀਆ 'ਤੇ ਕਾਫਤਾਨ ਪਹਿਨੇ ਆਪਣੀਆਂ ਤਸਵੀਰਾਂ ਪੋਸਟ ਕੀਤੀਆਂ ਹਨ ਤੇ ਰਣਵੀਰ ਸਿੰਘ ਨੂੰ ਵੀ ਕਾਫਤਾਨ ਪਹਿਨਣ ਦਾ ਸੁਝਾਅ ਦਿੱਤਾ ਹੈ। ਦਰਅਸਲ ਕਾਫਤਾਨ ਵਿੱਚ ਆਪਣੀ ਤਸਵੀਰ ਪੋਸਟ ਕਰਦੇ ਹੋਏ ਕਰੀਨਾ ਨੇ ਲਿਖਿਆ, ‘‘ਕੀ ਤੁਸੀਂ ਇੱਕ ਹੋਰ ਕਾਫਤਾਨ ਤਸਵੀਰ ਦੇ ਲਈ ਕਿਹਾ ਹੈ? ਕੀ ਮੈਂ ਇਸ ਦੇ ਬਾਵਜੂਦ ਉਸ ਨੂੰ ਪੋਸਟ ਕੀਤਾ? ਹਾਂ।’’ ਕਰੀਨਾ ਦੀ ਇਸ ਤਸਵੀਰ 'ਤੇ ਟਿੱਪਣੀ ਕਰਦੇ ਹੋਏ ਰਣਵੀਰ ਸਿੰਘ ਨੇ ਲਿਖਿਆ ਕਿ ਬੇਬੋ (ਕਰੀਨਾ) ਨੇ ਕਾਫਤਾਨ ਨੂੰ ਨਹੀਂ, ਬਲਕਿ ਕਾਫਤਾਨ ਨੇ ਬੇਬੋ ਨੂੰ ਚੁਣਿਆ ਹੈ। ਰਣਵੀਰ ਦੀ ਟਿੱਪਣੀ 'ਤੇ ਕਰੀਨਾ ਨੇ ਜਵਾਬ ਦਿੱਤਾ, ‘‘ਤੁਹਾਨੂੰ ਵੀ ਇਸ ਨੂੰ ਅਜਮਾਉਣਾ ਚਾਹੀਦਾ ਹੈ। ਅੱਗੇ ਇਹ ਤੁਹਾਨੂੰ ਵੀ ਚੁਣ ਸਕਦਾ ਹੈ।’’ ਪਿਛਲੇ ਕੁਝ ਦਿਨਾਂ ਤੋਂ ਬਿਨਾਂ ਮੇਕਅਪ ਤੋਂ ਤਸਵੀਰਾਂ ਵੀ ਕਰੀਨਾ ਅਕਸਰ ਪੋਸਟ ਕਰਦੀ ਰਹਿੰਦੀ ਹੈ। ਕਰੀਨਾ ਤੋਂ ਪ੍ਰੇਰਿਤ ਹੋ ਕੇ ਕੁਝ ਦਿਨ ਪਹਿਲਾਂ ਉਨ੍ਹਾਂ ਦੀ ਦੋਸਤ ਮਲਾਇਕਾ ਨੇ ਵੀ ਕਾਫਤਾਨ ਵਿੱਚ ਤਸਵੀਰਾਂ ਪੋਸਟ ਕੀਤੀਆਂ ਸਨ।

# ਅਸੀਂ ਮਿਲ ਕੇ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਸਫਲ ਹੋ ਰਹੇ ਹਾਂ

ਜਿਵੇਂ ਹੀ ਕਾਰੋਬਾਰ ਅਤੇ ਕਾਰਜ ਸਥਾਨ ਦੁਬਾਰਾ ਖੁੱਲ੍ਹਣਗੇ, ਸਾਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਜਾਰੀ ਰੱਖਣੀ ਪਵੇਗੀ ਤਾਂ ਜੋ ਹਰੇਕ ਵਿਅਕਤੀ ਸੁਰੱਖਿਅਤ ਰਹੇ।




**ਦੂਜਿਆਂ ਤੋਂ ਦੂਰੀ ਬਣਾ ਕੇ ਰੱਖੋ।**
ਦੂਜਿਆਂ ਤੋਂ ਦੋ ਮੀਟਰ ਦੀ ਦੂਰੀ ਬਣਾ ਕੇ ਰੱਖੋ।



ਜਿੱਥੇ ਦੂਰੀ ਬਣਾਉਣੀ ਔਖੀ ਹੋਵੇ ਉੱਥੇ ਆਪਣਾ **ਮੂੰਹ ਢੱਕ ਕੇ ਰੱਖੋ।**



**ਆਪਣੇ ਹੱਥ** ਚੰਗੀ ਤਰ੍ਹਾਂ ਅਤੇ ਵਾਰ-ਵਾਰ ਧੋਵੋ।

ਵਧੇਰੇ ਜਾਣਕਾਰੀ ਲਈ **ontario.ca/coronavirus** 'ਤੇ ਜਾਓ

ਓੰਟਾਰੀਓ ਸਰਕਾਰ ਦੁਆਰਾ ਜਾਰੀ

Ontario

